Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 219 | Monday, November 08, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## 7 ਗੱਡੀਆਂ ਟਕਰਾਈਆਂ, 3 ਜ਼ਖ਼ਮੀ



ਟੋਰਾਂਟੋ, 7 ਨਵੰਬਰ (ਪੋਸਟ ਬਿਊਰੋ) : ਐਤਵਾਰ ਨੂੰ ਡੇਵਨਪੋਰਟ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ ਤਿੰਨ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਇਹ ਹਾਦਸਾ ਸ਼ਾਮੀਂ 4:30 ਵਜੇ ਡੁਪੋਂਟ ਤੇ ਡਫਰਿਨ ਸਟਰੀਟਸ ਦੇ ਲਾਂਘੇ ਤੋ ਠੀਕ ਪਹਿਲਾਂ ਵਾਪਰਿਆ। ਹਾਦਸੇ ਵਿੱਚ ਸੱਤ ਗੱਡੀਆਂ ਆਪਸ ਵਿੱਚ ਟਕਰਾਅ ਗਈਆਂ, ਜਿਨ੍ਹਾਂ ਵਿੱਚੋਂ ਇੱਕ ਮੌਕੇ ਤੋਂ ਫਰਾਰ ਹੋ ਗਈ।

...ਬਾਕੀ ਪੰਨਾ 5 'ਤੇ

# ਅੱਜ ਤੋਂ ਖੁੱਲ੍ਹੇਗਾ ਕੈਨੇਡਾ-ਅਮਰੀਕਾ ਬਾਰਡਰ

## ਪੀਸੀਆਰ ਟੈਸਟ ਲਾਜ਼ਮੀ ਰੱਖੇ ਜਾਣ ਤੋਂ ਖ਼ਫਾ ਹਨ ਕੁੱਝ ਟਰੈਵਲਰਜ਼




ਓਟਵਾ, 7 ਨਵੰਬਰ (ਪੋਸਟ ਬਿਊਰੋ) : ਸੋਮਵਾਰ ਤੋਂ ਅਮਰੀਕਾ ਵੱਲੋਂ 20 ਮਹੀਨਿਆਂ ਲਈ ਕੋਵਿਡ-19 ਮਹਾਂਮਾਰੀ ਕਾਰਨ ਆਵਾਜਾਈ ਉੱਤੇ ਲਾਈ ਗਈ ਸਰਹੱਦੀ ਪਾਬੰਦੀ ਹਟਾਈ ਜਾ ਰਹੀ ਹੈ।ਅਮਰੀਕਾ ਵੱਲੋਂ ਹੁਣ ਮੁਕੰਮਲ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਨੂੰ ਕੈਨੇਡਾ ਅਮਰੀਕਾ ਸਰਹੱਦ ਪਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

ਮਾਰਚ 2020 ਤੋਂ ਬੰਦ ਪਈ ਇਹ ਆਵਾਜਾਈ ਅੱਧੀ ਰਾਤ ਤੋਂ ਗੈਰ ਜ਼ਰੂਰੀ ਟਰੈਫਿਕ ਲਈ ਵੀ ਦੋਵਾਂ ਪਾਸਿਆਂ ਤੋਂ ਖੋਲ੍ਹ ਦਿੱਤਾ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਵੱਲੋਂ ਇਹ ਸ਼ਰਤ ਰੱਖੀ ਗਈ ਹੈ ਕਿ ਇਹ ਸਿੱਧ ਕਰਨ ਲਈ ਕਿ ਉਹ ਬਿਮਾਰ ਨਹੀਂ ਹਨ ਟਰੈਵਲਰਜ਼ ਨੂੰ ਆਪਣਾ ਪਿੱਛੇ ਜਿਹੇ ਕਰਵਾਇਆ ਪੀਸੀਆਰ ਟੈਸਟ ਜਮ੍ਹਾਂ ਕਰਵਾਉਣਾ ਹੋਵੇਗਾ। ਇਸ ਦੀ ਕੀਮਤ ਕੈਨੇਡਾ ਵਿੱਚ ਪ੍ਰਤੀ ਵਿਅਕਤੀ 150 ਤੋਂ 300 ਡਾਲਰ ਪ੍ਰਤੀ ਵਿਅਕਤੀ ਤੱਕ ਪਹੁੰਚ ਸਕਦੀ ਹੈ।

ਕੈਨੇਡਾ ਵੱਲੋਂ ਅਜੇ ਵੀ ਟੈਸਟ ਲਾਜ਼ਮੀ ਰੱਖਣ ਤੇ ਇੱਕ ਸਵੈਬ ਲਈ 150 ਤੋਂ 300 ਡਾਲਰ ਵਸੂਲਣ ਦਾ ਦੋਵਾਂ ਦੇਸ਼ਾਂ ਦੇ ਟਰੈਵਲਰਜ਼ ਵੱਲੋਂ ਵਿਰੋਧ ਕੀਤਾ ਗਿਆ। ਇਸ ਦੌਰਾਨ ਕੈਨੇਡਾ ਦੀ ਚੀਫ ਮੈਡੀਕਲ ਆਫੀਸਰ ਡਾ◆ ਥੈਰੇਸਾ ਟੈਮ ਵੱਲੋਂ ਸੰਕੇਤ ਦਿੱਤਾ ਗਿਆ ਹੈ ਕਿ ਓਟਵਾ ਇਸ ਤਰ੍ਹਾਂ ਦੀਆਂ ਮਿਲ ਰਹੀਆਂ ਨਕਾਰਾਤਮਕ ਖਬਰਾਂ ਤੋਂ ਜਾਣੂ ਹੈ ਤੇ ਉਨ੍ਹਾਂ ਆਖਿਆ ਕਿ ਅਸੀਂ ਇਸ ਪਾਸੇ ਬਹੁਤ ਸਾਵਧਾਨੀ ਨਾਲ ਕਦਮ ਵਧਾਉਣਾ ਚਾਹੁੰਦੇ ਹਾਂ ਤੇ ਇਸੇ ਲਈ ਇਹ ਟੈਸਟ ਇੱਕ ਜ਼ਰੂਰੀ ਕਦਮ ਹੈ।

# ਉਮੀਦ ਨਾਲੋਂ ਵੱਧ ਸਮੇਂ ਲਈ ਰਹਿ ਸਕਦੀ ਹੈ ਮਹਿੰਗਾਈ : ਮੈਕਲੈਮ



ਓਟਵਾ, 7 ਨਵੰਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲੈਮ ਦਾ ਕਹਿਣਾ ਹੈ ਕਿ ਮਹਿੰਗਾਈ ਉਮੀਦ ਨਾਲੋਂ ਵੱਧ ਸਮੇਂ ਲਈ ਰਹਿ ਸਕਦੀ ਹੈ।

ਸਟੈਟੇਸਟਿਕਸ ਕੈਨੇਡਾ ਵੱਲੋਂ ਦਿੱਤੇ ਗਏ ਤਾਜ਼ਾ ਡਾਟਾ ਅਨੁਸਾਰ ਇਸ ਸਮੇਂ ਕੈਨੇਡਾ ਵਿੱਚ ਮਹਿੰਗਾਈ ਦੀ ਦਰ 4.4 ਫੀ ਸਦੀ ਹੈ ਜਦਕਿ ਅਗਸਤ ਵਿੱਚ ਇਹ 4.1 ਫੀ ਸਦੀ ਸੀ। ਸੈਂਟਰਲ ਬੈਂਕ ਨੂੰ ਇਹ ਉਮੀਦ ਹੈ ਕਿ ਇਸ ਸਾਲ ਦੇ ਅੰਤ ਤੱਕ ਮਹਿੰਗਾਈ ਦਰ 5 ਫੀ ਸਦੀ ਤੱਕ ਪਹੁੰਚ ਜਾਵੇਗੀ, ਜੋ ਕਿ ਪਹਿਲਾਂ ਲਾਏ ਗਏ ਕਿਆਸ ਨਾਲੋਂ 2 ਫੀ ਸਦੀ ਵੱਧ ਹੈ। ਕੈਨੇਡੀਅਨਜ਼ ਨੇ ਵੀ ਇਹ ਮਹਿਸੂਸ ਕੀਤਾ ਹੈ ਕਿ ਮੀਟ, ਡੇਅਰੀ ਵਾਲੀਆਂ ਵਸਤਾਂ, ਗੈਸ ਤੇ ਵ੍ਹੀਕਲ ਥੋੜ੍ਹੇ ਮਹਿੰਗੇ ਹੋਏ ਹਨ।

ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਅਸੀਂ ਕੈਨੇਡੀਅਨਜ਼ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਅਸੀਂ ਮਹਿੰਗਾਈ ਨੂੰ ਕਾਬੂ ਵਿੱਚ ਹੀ ਰੱਖਾਂਗੇ। ਇਸ ਲਈ ਅਸੀਂ ਮਹਿੰਗਾਈ ਦਰ ਨੂੰ ਲੀਹ ਉੱਤੇ ਲਿਆਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਬੈਂਕ ਵੱਲੋਂ ਵਿਆਜ਼ ਦਰਾਂ ਵੀ 0.25 ਫੀ ਸਦੀ ਹੀ ਰੱਖੀਆਂ ਗਈਆਂ ਹਨ। ਪਹਿਲਾਂ ਬੈਂਕ ਆਫ ਕੈਨੇਡਾ ਨੇ ਇਨ੍ਹਾਂ ਵਿਆਜ਼ ਦਰਾਂ ਵਿੱਚ 2023 ਵਿੱਚ ਵਾਧਾ ਹੋਣ ਦੀ ਗੱਲ ਆਖੀ ਸੀ ਪਰ ਹੁਣ ਮੌਜੂਦਾ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮੈਕਲੈਮ ਨੇ ਆਖਿਆ ਕਿ ਹੁਣ ਇਹ ਵਾਧਾ 2022 ਵਿੱਚ ਵੀ ਹੋ ਸਕਦਾ ਹੈ।

ਹਾਊਸਿੰਗ ਮਾਰਕਿਟ ਉੱਤੇ ਵੀ ਮਹਿੰਗਾਈ ਦਾ ਅਸਰ ਪੈ ਰਿਹਾ ਹੈ। ਪਿਛਲੇ ਸਾਲ ਘਰਾਂ ਦੀ ਕੀਮਤ 14.4 ਫੀ ਸਦੀ ਵੱਧ ਗਈ ਸੀ।ਪਰ ਮੈਕਲੈਮ ਨੇ ਆਖਿਆ ਕਿ ਘੱਟ ਵਿਆਜ਼ ਦਰਾਂ ਕਾਰਨ ਘਰਾਂ ਦੀ ਡਿਮਾਂਡ ਕਾਫੀ ਜ਼ਿਆਦਾ ਹੈ।

## ਐਸਟ੍ਰੋਵਰਲਡ ਫੈਸਟੀਵਲ ਵਿੱਚ ਟਰੈਵਿਸ ਸਕੌਟ ਦੇ ਕੰਸਰਟ ਦੌਰਾਨ ਅੱਠ ਲੋਕਾਂ ਦੀ ਹੋਈ ਮੌਤ



ਹਿਊਸਟਨ, 7 ਨਵੰਬਰ (ਪੋਸਟ ਬਿਊਰੋ) : ਸ਼ੁੱਕਰਵਾਰ ਰਾਤ ਨੂੰ ਆਪਣੇ ਕੰਸਰਟ ਦੌਰਾਨ ਅੱਠ ਲੋਕਾਂ ਦੇ ਮਾਰੇ ਜਾਣ ਉੱਤੇ ਰੈਪਰ ਟਰੈਵਿਸ ਸਕੌਟ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਸ਼ਨਿੱਚਰਵਾਰ ਨੂੰ ਟਵੀਟ ਕਰਕੇ ਰੈਪਰ ਨੇ ਆਖਿਆ ਕਿ ਇਸ ਘਟਨਾ ਨਾਲ ਉਹ ਬਿਲਕੁਲ ਟੁੱਟ ਚੁੱਕੇ ਹਨ। ਐਸਟ੍ਰੋਵਰਲਡ ਫੈਸਟੀਵਲ ਵਿੱਚ ਜੋ ਕੁੱਝ ਵਾਪਰਿਆ ਉਸ ਤੋਂ ਉਹ ਬਹੁਤ ਪਰੇਸ਼ਾਨ ਹਨ ਤੇ ਉਨ੍ਹਾਂ ਮਾਰੇ ਗਏ ਲੋਕਾਂ ਦੇ ਪਰਿਵਾਰ ਨਾਲ ਇਸ ਮੌਕੇ ਦੁੱਖ ਸਾਂਝਾ ਕਰਨਾ ਚਾਹੁੰਦੇ ਹਨ। ਹਿਊਸਟਨ ਪੀਡੀ ਵੱਲੋਂ ਵੀ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨਾਲ ਵੀ ਉਨ੍ਹਾਂ ਦਾ ਪੂਰਾ ਸਮਰਥਨ ਹੈ।

ਇਸ ਮੌਕੇ ਜਿਨ੍ਹਾਂ ਪਰਿਵਾਰਾਂ ਦਾ ਨੁਕਸਾਨ ਹੋਇਆਂ ਉਨ੍ਹਾਂ ਦੀ ਮਦਦ ਲਈ ਉਹ ਹਿਊਸਟਨ ਕਮਿਊਨਿਟੀ ਨਾਲ ਰਲ ਕੇ ਕੰਮ ਕਰਨ ਲਈ ਵਚਨਬੱਧ ਹਨ। ਉਨ੍ਹਾਂ ਇਸ ਹਾਦਸੇ ਤੋਂ ਬਾਅਦ ਫੌਰੀ ਤੌਰ ਉੱਤੇ ਹਰਕਤ ਵਿੱਚ ਆਉਣ ਲਈ ਹਿਊਸਟਨ ਪੀਡੀ, ਫਾਇਰ ਡਿਪਾਰਟਮੈਂਟ ਤੇ ਐਨਆਰਜੀ ਪਾਰਕ ਦਾ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਐਨਆਰਜੀ ਪਾਰਕ ਵਿੱਚ ਚੱਲ ਰਹੇ ਐਸਟ੍ਰੋਵਰਲਡ ਫੈਸਟੀਵਲ ਵਿੱਚ ਜਦੋਂ ਲੋਕਾਂ ਦੀ ਭੀੜ ਸਟੇਜ ਵੱਲ ਵਧੀ ਤਾਂ ਅੱਠ ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਇਸ ਫੈਸਟੀਵਲ ਵਿੱਚ 50,000 ਲੋਕ ਹਿੱਸਾ ਲੈ ਰਹੇ ਸਨ। ਇਹ ਫੈਸਟੀਵਲ ਹਿਊਸਟਨ ਵਿੱਚ ਪੈਦਾ ਹੋਏ ਰੈਪਰ ਵੱਲੋਂ ਆਯੋਜਿਤ ਕੀਤਾ ਗਿਆ ਸੀ। ਇੱਥੇ ਦੱਸਣਾ ਬਣਦਾ ਹੈ ਕਿ ਰੈਪਰ ਟਰੈਵਿਸ ਸਕੌਟ ਦੀ ਕਾਇਲੀ ਜੈਨਰ ਨਾਲ ਧੀ ਵੀ ਹੈ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

YES! Immigration Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance • Mortgage Insurance • Life Insurance • Visitor Insurance • Travel Insurance • RESP(Education Plan) • Critical Illness Insurance

INSURANCE MART INSURANCE COMPANY
Life Insurance • Critical Illness • Disability • Super Visa • Home and Auto Insurance
Gurdip Gill (647)767-6665 gurdipgill1@hotmail.ca

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੇਂਦਰ ਸਰਕਾਰ ਦੇ ਬਾਅਦ ਪੰਜਾਬ ਸਰਕਾਰ ਨੇ ਵੀ ਪੈਟਰੋਲ ਤੇ ਡੀਜ਼ਲ ਦੇ ਰੇਟ ਘਟਾਏ

ਚੰਡੀਗੜ੍ਹ, 7 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ ਦੇ ਰੇਟ ਘਟਾਏ ਜਾਣ ਪਿੱਛੋਂ ਅੱਜ ਐਤਵਾਰ ਨੂੰ ਪੰਜਾਬ ਸਰਕਾਰ ਨੇ ਵੀ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਅਤੇ ਪੈਟਰੋਲ 10 ਰੁਪਏ ਤੇ ਡੀਜ਼ਲ 5 ਰੁਪਏ ਸਸਤਾ ਕਰ ਦਿੱਤਾ ਹੈ। ਇਸ ਨਾਲ ਪੰਜਾਬ ਸਰਕਾਰ ਨੂੰ ਸਾਲਾਨਾ 900 ਕਰੋੜ ਰੁਪਏ ਘਾਟਾ ਹੋਵੇਗਾ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਭਾਰਤ ਵਿੱਚ 29 ਵਿਧਾਨ ਸਭਾ ਅਤੇ ਤਿੰਨ ਪਾਰਲੀਮੈਂਟ ਸੀਟਾਂ ਦੀਆਂ ਉੱਪ ਚੋਣਾਂ ਵਿੱਚ ਲੱਗੇ ਝਟਕੇ ਤੋਂ ਇੱਕ ਦਿਨ ਬਾਅਦ ਨਰਿੰਦਰ ਮੋਦੀ ਸਰਕਾਰ ਨੇ ਅਸਮਾਨ ਛੋਂਹਦੀਆਂ ਤੇਲ ਕੀਮਤਾਂ ਘਟਾਉਣ ਲਈ ਪੈਟਰੋਲ ਤੇ ਡੀਜ਼ਲਦੀ ਐਕਸਾਈਜ਼ ਡਿਊਟੀ ਕ੍ਰਮਵਾਰ 5 ਰੁਪਏ ਤੇ 10 ਰੁਪਏ ਲਿਟਰ ਘਟਾਈ ਸੀ। ਦੀਵਾਲੀ ਤੋਂ ਪਹਿਲੀ ਸ਼ਾਮਹੋਏ ਇਸ ਐਲਾਨ ਨਾਲ ਮਹਿੰਗਾਈ ਤੋਂ ਤੰਗ ਆਮ ਆਦਮੀ ਨੂੰ ਕੁਝ ਰਾਹਤ ਮਿਲਣ ਦੀ ਚਰਚਾ ਸੀ।ਕੇਂਦਰ ਸਰਕਾਰ ਦੇ ਇਸ ਫੈਸਲੇ ਪਿੱਛੋਂ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਟੈਕਸ ਘਟਾ ਦਿੱਤੇ ਤਾਂ ਗੁਆਂਢੀ ਰਾਜਾਂ ਵਿੱਚ ਪੈਟਰੋਲ ਤੇ ਡੀਜ਼ਲਪੰਜਾਬ ਤੋਂ ਸਸਤਾ ਹੋ ਗਿਆ ਸੀ। ਹਰਿਆਣਾ ਸਰਕਾਰ ਨੇ ਡੀਜ਼ਲ ਉੱਤੇ ਟੈਕਸ ਦੋ ਰੁਪਏ ਤੇ ਪੈਟਰੋਲ ਉੱਤੇ 7 ਰੁਪਏ ਲਿਟਰ ਟੈਕਸ ਘੱਟ ਕੀਤੇ ਤੇ ਚੰਡੀਗੜ੍ਹ ਪ੍ਰਸ਼ਾਸਨ ਨੇ 7 ਰੁਪਏ ਪ੍ਰਤੀ ਲਿਟਰ ਦੀ ਕਟੌਤੀ ਕੀਤੀ ਸੀ। ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਪੈਟਰੋਲ ਦੀ ਕੀਮਤ 7.5 ਫੀਸਦੀ ਅਤੇ ਡੀਜ਼ਲ 8 ਫੀਸਦੀ ਘਟਾਈ ਹੈ। ਇਸ ਦੇ ਬਾਅਦ ਅੱਜ ਐਤਵਾਰ ਨੂੰ ਪੰਜਾਬ ਸਰਕਾਰ ਨੇ ਪੈਟਰੋਲ 10 ਰੁਪਏ ਅਤੇ ਡੀਜਲ 5 ਰੁਪਏ ਸਸਤਾ ਕਰ ਦਿੱਤਾ ਹੈ। ਇਸ ਫੈਸਲੇ ਨਾਲ ਪੰਜਾਬ ਸਰਕਾਰ ਨੂੰ ਸਾਲਾਨਾ 900 ਕਰੋੜ ਰੁਪਏ ਨੁਕਸਾਨ ਹੋਵੇਗਾ।




REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



ਬੇਸਮੈਂਟਸ ਕਿਰਾਏ ਲਈ ਖਾਲੀ

ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੌਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864


## ਪੰਜਾਬ ਸਰਕਾਰ ਨੂੰ ਝਟਕਾ: ਬਿਜਲੀ ਸਮਝੌਤੇ ਰੱਦ ਕਰਨ ਦੇ ਫੈਸਲੇ ਉੱਤੇ ਟ੍ਰਿਬਿਊਨਲ ਵੱਲੋਂ ਸਟੇਅ

ਚੰਡੀਗੜ੍ਹ, 7 ਨਵੰਬਰ, (ਪੋਸਟ ਬਿਊਰੋ)- ਕੁਝ ਬਿਜਲੀ ਕੰਪਨੀਆਂਨਾਲ ਪਿਛਲੀ ਸਰਕਾਰ ਦੌਰਾਨ ਹੋਏ ਸਮਝੌਤਿਆਂਦੇ ਕੇਸ ਵਿੱਚ ਪੰਜਾਬ ਸਰਕਾਰ ਨੂੰ ਵੱਡਾ ਝਟਕਾ ਲੱਗਾ ਹੈ।ਬਿਜਲੀ ਟ੍ਰਿਬਿਊਨਲ ਨੇ ਚਾਰ ਨਿੱਜੀ ਕੰਪਨੀਆਂ ਨਾਲ ਕੀਤੇ ਗਏ ਇਹਸਮਝੌਤੇ ਰੱਦ ਕਰਨ ਉੱਤੇ ਸਟੇਅ ਆਰਡਰ ਜਾਰੀ ਕਰ ਕੇ ਰੋਕ ਲਾ ਦਿੱਤੀ ਹੈ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਕੁਝ ਬਿਜਲੀ ਕੰਪਨੀਆਂ ਦੀ ਮਾੜੀ ਕਾਰਗੁਜ਼ਾਰੀਹੋਣ ਕਾਰਨ ਸਮਝੌਤੇ ਰੱਦ ਕਰਨੇ ਸ਼ੁਰੂ ਕੀਤੇ ਅਤੇ ਕੁਝ ਕੰਪਨੀਆਂ ਨਾਲ ਰੱਦ ਵੀ ਕਰ ਦਿੱਤੇ ਸਨ।ਇਨ੍ਹਾਂ ਕੰਪਨੀਆਂ ਨੇ ਟ੍ਰਿਬਿਊਨਲ ਕੋਲ ਪਹੁੰਚ ਕੀਤੀ ਤਾਂ ਟ੍ਰਿਬਿਊਨਲ ਨੇ ਸਰਕਾਰੀ ਫੈਸਲੇ ਉਤੇ ਰੋਕ ਲਾ ਦਿੱਤੀ ਹੈ। ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜ ਸਰਕਾਰ ਲਈ ਇਹ ਵੱਡਾ ਝਟਕਾ ਹੈ। ਪੰਜਾਬ ਦੀ ਸਿਆ-ਸਤ ਵਿੱਚ ਬਿਜਲੀ ਸਮਝੌਤੇ ਵੱਡਾ ਮੁੱਦਾ ਹਨ ਤੇ ਚਰਨਜੀਤ ਸਿੰਘ ਚੰਨੀ ਦੀ ਮੌਜੂਦਾ ਸਰਕਾਰ ਨੇ ਲੋਕਾਂ ਦੇ ਰੋਹ ਅਤੇ ਦਬਾਅ ਕਾਰਨ ਹੀ ਸਮਝੌਤੇ ਰੱਦ ਕਰਨ ਵੱਲ ਮੂੰਹ ਕੀਤਾ ਸੀ।


Great Invetsment Opportunity

In The Region of Timminis,ON


8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



# ਨਵਜੋਤ ਸਿੱਧੂ ਵੱਲੋਂ ਐਡਵੋਕੇਟ ਜਨਰਲ ਦੇ ਬਹਾਨੇ ਚੰਨੀ ਸਰਕਾਰ ਦੇ ਖਿਲਾਫ ਚਾਂਦਮਾਰੀ

* ਬੇਅਦਬੀ ਕੇਸ ਦੇ ਜਵਾਬ ਸਣੇ ਲਗਾਤਾਰ 12 ਟਵੀਟ ਕੀਤੇ

ਚੰਡੀਗੜ੍ਹ, 7 ਨਵੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੀ ਖਾਨਾਜੰਗੀ ਅਜੇ ਰੁਲ ਨਹੀਂ ਰਹੀ। ਰੋਜ਼ ਆਪਣੀ ਪਾਰਟੀ ਦੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਕਿਸੇ ਨਾ ਕਿਸੇ ਬਹਾਨੇ ਨਿਸ਼ਾਨੇ ਉੱਤੇ ਰੱਖਦੇ ਹਨ।ਦੋ ਦਿਨ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਚੰਨੀ ਸਰਕਾਰ ਦੇ ਐਲਾਨਾਂਖਿਲਾਫ ਲਾਈਵ ਪ੍ਰੈੱਸ ਕਾਨਫਰੰਸ ਵਿੱਚ ਜ਼ੋਰਦਾਰ ਹਮਲੇ ਕੀਤੇ ਤੇ ਐਡਵੋਕੇਟ ਜਨਰਲ ਦੇ ਬਹਾਨੇ ਮੁੱਖ ਮੰਤਰੀ ਵੱਲ ਨਿਸ਼ਾਨਾ ਸੇਧਿਆ ਸੀ। ਸ਼ਨੀਵਾਰ ਚਮਕੌਰ ਸਾਹਿਬ ਜਾ ਕੇ ਚਰਨਜੀਤ ਸਿੰਘ ਚੰਨੀ ਨੇ ਇਸ ਦਾ ਜਵਾਬ ਦੇਣ ਵਾਂਗ ਤਕਰੀਰ ਕੀਤੀ ਤੇ ਓਸੇ ਦਿਨ ਐਡਵੋਕੇਟ ਜਨਰਲ ਏ ਪੀ ਐੱਸ ਦਿਓਲ ਨੇ ਨਵਜੋਤ ਸਿੰਘ ਸਿੱਧੂ ਦੇ ਖਿਲਾਫ ਬਿਆਨ ਜਾਰੀ ਕੀਤਾ ਸੀ।

ਇਸ ਦੇ ਬਾਅਦ ਅੱਜ ਨਵਜੋਤ ਸਿੰਘ ਸਿੱਧੂਨੇ ਫਿਰ ਆਪਣੀ ਪਾਰਟੀ ਦੀ ਪੰਜਾਬ ਸਰਕਾਰਵੱਲ ਨਿਸ਼ਾਨਾ ਸੇਧਦੇ ਹੋਏ ਪੰਜਾਬ ਦੇ ਐਡਵੋਕੇਟ ਜਨਰਲ ਏਪੀ ਐਸ ਦਿਓਲ ਨੂੰ ਪੁੱਛਿਆ ਹੈ ਕਿ 'ਮਿਸਟਰ ਏ ਜੀ ਪੰਜਾਬ, ਇਨਸਾਫ਼ ਅੰਨ੍ਹਾ ਹੈ, ਪਰ ਪੰਜਾਬ ਦੇ ਲੋਕ ਨਹੀਂ। ਸਾਡੀ ਕਾਂਗਰਸ ਪਾਰਟੀ ਬੇਅਦਬੀ ਕੇਸਾਂਦਾ ਨਿਆਂ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ, ਜਿਸ ਵਿੱਚ ਤੁਸੀਂ ਮੁੱਖ ਸਾਜ਼ਿਸ਼ ਕਰਤਾਵਾਂ/ਦੋਸ਼ੀਆਂ ਲਈ ਹਾਈ ਕੋਰਟ ਵਿਚ ਪੇਸ਼ ਹੋਏ ਅਤੇ ਸਾਡੀ ਸਰਕਾਰ ਉੱਤੇ ਗੰਭੀਰ ਦੋਸ਼ ਲਾਏ ਸਨ।'ਸਿੱਧੂ ਨੇ ਐਡਵੋਕੇਟ ਜਨਰਲ ਏ ਪੀ ਐੱਸ ਦਿਓਲ ਨੂੰ ਪੁੱਛਿਆ ਕਿ ਉਹ ਕਿਸ ਦੇ ਹਿੱਤਾਂ ਲਈ ਕੰਮ ਕਰ ਰਹੇ ਹਨ। ਉਨ੍ਹਾਂ ਪੁੱਛਿਆ,'ਕੀ ਤੁਸੀ ਆਪਣੇ ਸਿਆਸੀ ਹਿਤਾਂ ਲਈ ਨਿਯੁਕਤ ਕਰਨ ਵਾਲਿਆਂ ਦੇ ਹਿੱਤਾਂ ਲਈ ਕੰਮ ਕਰਦੇ



ਹੋ।' ਪੰਜਾਬ ਕਾਂਗਰਸ ਦੇ ਪ੍ਰਧਾਨ ਸਿੱਧੂ ਨੇ ਟਵਿੱਟਰ ਰਾਹੀਂ ਐਡਵੋਕੇਟ ਜਨਰਲ ਨੂੰ ਕਿਹਾ, 'ਤੁਸੀਂ ਦੋਸ਼ੀ ਲਈ ਪੇਸ਼ ਹੋਏ, ਅੱਜ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਹੋ ਤੇ ਬਹੁਤ ਜਲਦੀ ਜੱਜ ਦੇ ਤੌਰ ਉੱਤੇ ਤਰੱਕੀ ਦੀ ਮੰਗ ਕਰੋਗੇ ਤਾਂ ਜੋ ਤੁਸੀਂ ਇਸ ਕੇਸ ਦਾ ਫੈਸਲਾ ਕਰ ਸਕੋ। ਸਭ ਤੋਂ ਉੱਚੇ ਕਾਨੂੰਨ ਅਧਿਕਾਰੀ ਹੋਣ ਕਾਰਨ ਤੁਹਾਡਾ ਧਿਆਨ ਰਾਜਨੀਤੀ ਤੇ ਰਾਜਨੀਤਕ ਲਾਭਾਂ ਉੱਤੇ ਹੈ।' ਉਨ੍ਹਾਂ ਐਡਵੋਕੇਟ ਜਨਰਲ ਨੂੰ ਕਿਹਾ, 'ਸਿਆ-ਸਤ ਨੂੰ ਸਿਆਸਤਦਾਨਾਂ ਉੱਤੇ ਛੱਡੋ ਤੇ ਆਪਣੀ ਨਿੱਜੀ ਜ਼ਮੀਰ, ਇਮਾਨਦਾਰੀ ਤੇ ਪੇਸ਼ੇਵਰ ਨੈਤਿਕਤਾਵੱਲ ਧਿਆਨ ਕਰੋ, ਜਿਸ ਦੀ ਤੁਹਾਡੀ ਨੌਕਰੀ ਨੂੰ ਲੋੜ ਹੈ।' ਇਹੀ ਨਹੀਂ, ਨਵਜੋਤ ਸਿੰਘ ਸਿੱਧੂ ਨੇ ਐਡਵੋਕੇਟ ਜਨਰਲ ਦਿਓਲ ਦੇ ਬਹਾਨੇਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲ ਵੀ ਨਿਸ਼ਾਨਾ ਸੇਧਿਆ ਹੈ।ਉਨ੍ਹਾਂ ਐਡਵੋਕੇਟ ਜਨਰਲ ਨੂੰ ਪੁੱਛਿਆ ਕਿ ਕੀ ਤੁਸੀਂ ਸਰਕਾਰ ਨੂੰ ਇਹ ਸਲਾਹ ਦਿੱਤੀ ਕਿ ਉਹ ਬੇਅਦਬੀ ਦੇ ਕੇਸਾਂਵਿੱਚ ਤੁਹਾਡੇ ਰਾਹੀਂ ਜਾਂ ਕਿਸੇ ਹੋਰ ਉਲਟ ਹੁਕਮ ਨੂੰ ਸੁਪਰੀਮ ਕੋਰਟ ਵਿੱਚਚੁਣੌਤੀ ਦੇਵੇ?'ਸਿੱਧੂ ਨੇ ਐਡਵੋਕੇਟ ਜਨਰਲ ਦਿਓਲ ਵੱਲੋਂ ਬੀਤੇ ਦਿਨੀ ਸ਼ਬਦੀ ਹਮਲੇ ਦਾ ਜਵਾਬ ਦਿੱਤਾ ਤੇ ਕਿਹਾ ਕਿ ਬੇਅਦਬੀ ਕੇਸਦੇ ਬਾਰੇ ਮੈਂ ਨਹੀਂ, ਤੁਸੀਂ ਗਲਤ ਸੂਚਨਾ ਫੈਲਾ ਰਹੇ ਹੋ।ਉਨ੍ਹਾ ਕਿਹਾ ਕਿ ਬੇਅਦਬੀ ਕੇਸਦੇ ਦੋਸ਼ੀਆਂ ਦੀ ਪੈਰਵੀ ਮੈਂ ਨਹੀਂ, ਤੁਸੀਂ ਕੀਤੀ ਹੈ ਅਤੇ ਅੱਜ ਸਰਕਾਰ ਵੱਲੋਂ ਪੈਰਵੀ ਕਰ ਰਹੇ ਹੋ।

## ਅੱਜ ਨਾਮਾ

ਰਹਿ ਗਏ ਚੋਣਾਂ ਦੇ ਲਈ ਤਾਂ ਦਿਨ ਥੋੜ੍ਹੇ,
ਝਗੜਾ ਕੋੜਮੇ ਦਾ ਰਿਹਾ ਨਾ ਮੁੱਕ ਬੇਲੀ।
ਧੂਣੀ ਮੱਠੀ ਜਦ ਥੋੜ੍ਹੀ ਕੁਝ ਹੋਣ ਲੱਗਦੀ,
ਸੁੱਟ ਦਏ ਪੱਛੀਆਂ ਦਾ ਸਿੱਧੂ ਬੁੱਕ ਬੇਲੀ।
ਦੂਜੇ ਪਾਸੇ ਵੀ ਚੁੱਪ ਨਹੀਂ ਰਹਿਣ ਵਾਲੇ,
ਦਿੰਦਾ ਉਨ੍ਹਾਂ ਨੂੰ ਕੋਈ ਫਿਰ ਚੁੱਕ ਬੇਲੀ।
ਹੁੰਦਾ ਸ਼ਾਂਤ ਨਹੀਂ ਦਿੱਸਦਾ ਕੋਈ ਲੀਡਰ,
ਹਰ ਕੋਈ ਰਿਹਾ ਹੈ ਉਂਗਲਾਂ ਟੁੱਕ ਬੇਲੀ।
ਰਹਿਣਾ ਏਦਾਂ ਦਾ ਹਾਲ ਆ ਚੋਣ ਤੀਕਰ,
ਸਾਂਝੀ ਸੁਰ ਨਹੀਂ ਨਿਕਲਦੀ ਜਾਪਦੀ ਊ।
ਜਿੱਤ ਜੀਹਦੀ ਵੀ ਹੋਣੀਬੇਸ਼ੱਕ ਹੋ ਜਾਏ,
ਇਨ੍ਹਾਂ ਹੱਥੋਂ ਉਹ ਖਿਸਕਦੀ ਜਾਪਦੀ ਊ।

**ਤੀਸ ਮਾਰ ਖਾਂ**

# ਬੇਅਦਬੀ ਕਾਂਡ ਵੇਲੇ ਦਾ ਐੱਸ ਪੀ ਬਿਕਰਮਜੀਤ ਸਿੰਘ ਬਹਾਲ

* ਬਹਾਲੀ ਦੇ ਹੁਕਮ ਕੈਪਟਨ ਅਮਰਿੰਦਰ ਸਿੰਘ ਨੇ ਕੀਤੇ ਸਨ: ਰੰਧਾਵਾ



ਚੰਡੀਗੜ੍ਹ, 7 ਨਵੰਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਤੋਂ ਬਾਅਦ ਰੋਸ ਕਰਦੀ ਸਿੱਖ ਸੰਗਤ ਉੱਤੇ ਪੁਲਸ ਵੱਲੋਂ ਗੋਲੀ ਚਲਾਏ ਜਾਣ ਵਾਲੇ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸਵਿੱਚਅਦਾਲਤੀ ਕਾਰਵਾਈਵਿੱਚ ਫਸੇ ਹੋਏ ਉਸ ਵਕਤ ਦੇ ਫ਼ਰੀਦਕੋਟ ਦੇ ਐਸ ਪੀ (ਡੀ) ਬਿਕਰਮਜੀਤ ਸਿੰਘ ਨੂੰ ਪੰਜਾਬ ਸਰਕਾਰ ਨੇਮੁਕੱਦਮਾ ਚੱਲਦੇ ਤੋਂ ਬਹਾਲ ਕਰ ਦਿੱਤਾ ਹੈ। ਇਸ ਨਾਲ ਵਿਵਾਦ ਛਿੜ ਗਿਆ ਹੈ। ਬਿਕਰਮਜੀਤ ਸਿੰਘ ਨੂੰ ਕੇਸ ਚੱਲਦੇ ਦੌਰਾਨ ਬਹਾਲ ਕਰਨ ਬਾਰੇ ਚਰਚਾ ਚੱਲਣ ਦੇ ਬਾਅਦ ਪੰਜਾਬ ਦੇ ਉੱਪਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਭੇਦ ਖੋਲ੍ਹਿਆ ਹੈ ਕਿ ਇਸ ਦੋਸ਼ੀ ਨਾਮਜ਼ਦ ਕੀਤੇ ਪੁਲਸ ਅਧਿਕਾਰੀ ਨੂੰ ਕੇਸ ਚੱਲਦੇ ਦੌਰਾਨ ਨੌਕਰੀ ਉੱਤੇ ਬਹਾਲ ਕਰਨ ਦਾ ਹੁਕਮ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘਨੇਕੀਤਾ ਸੀ। ਅੱਜ ਜਾਰੀ ਕੀਤੇ ਬਿਆਨ ਵਿੱਚ ਸੁਖਜਿੰਦਰ ਸਿੰਘਰੰਧਾਵਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਦਾ ਚਾਰਜ ਵੀ ਸੀ, ਨੇ ਉਸ ਵੇਲੇ ਦੇ ਐਡੀਸ਼ਨਲ ਚੀਫ ਸੈਕਟਰੀ (ਹੋਮ) ਵੱਲੋਂ ਸਬੰਧਤ ਪੁਲਿਸ ਅਫਸਰ ਦੇ ਹੱਕ ਵਿੱਚ ਨਾ ਲਿਖਣ ਦੇ ਬਾਵਜੂਦ ਮਸਾਂ ਇਕ ਇੰਕਰੀਮੈਂਟ ਰੋਕਣ ਦੇ ਹੁਕਮ ਨਾਲ ਉਸ ਨੂੰ ਬਹਾਲ ਕਰਨ ਦੇ ਹੁਕਮ ਦੇਦਿੱਤੇ ਸਨ। ਰੰਧਾਵਾ ਦੇ ਮੁਤਾਬਕ 13 ਜੁਲਾਈ 2021 ਨੂੰ ਓਦੋਂ ਦੇ ਐਡੀਸ਼ਨਲ ਚੀਫਸੈਕਟਰੀ (ਹੋਮ) ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭੇਜੇ ਨੋਟ ਵਿੱਚ ਲਿਖਿਆ ਸੀ ਕਿ ਜਾਂਚ ਦੌਰਾਨ ਇਹ ਅਫਸਰ ਕੋਈ ਸਬੂਤ ਪੇਸ਼ ਨਹੀਂ ਕਰ ਸਕਿਆ ਤੇ ਨਾ ਕੋਈ ਆਪਣੀ ਬੇਗੁਨਾਹੀ ਦਾ ਤੱਥ ਪੇਸ਼ ਕਰ ਸਕਿਆ ਹੈ।ਫਿਰ ਵੀ ਓਦੋਂ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ 19 ਜੁਲਾਈ ਨੂੰ ਬਿਕਰਮਜੀਤ ਸਿੰਘ ਨੂੰ ਸਿਰਫ ਇਕ ਇੰਕਰੀਮੈਂਟ ਰੋਕ ਕੇ ਬਹਾਲ ਕਰਨ ਦੇ ਹੁਕਮ ਦੇਦਿੱਤੇ ਸਨ।

# ਹੈਲੀਕਾਪਟਰ ਘੁਟਾਲਾ ਕੇਸ: ਮੋਦੀ ਸਰਕਾਰ ਨੇ 3600 ਕਰੋੜ ਰੁਪਏ ਦੇ ਘੋਟਾਲੇ ਨਾਲ ਜੁੜੀ ਇਟਲੀ ਦੀ ਕੰਪਨੀ ਤੋਂ ਪਾਬੰਦੀ ਚੁੱਕੀ

* ਈ ਡੀ ਅਤੇ ਸੀ ਬੀ ਆਈ ਜਾਂਚ ਚੱਲਦੀ ਰਹੇਗੀ

ਨਵੀਂ ਦਿੱਲੀ, 7 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਇੱਕ ਵੱਡਾ ਫੈਸਲਾ ਕਰ ਲਿਆ ਤੇ 3600 ਕਰੋੜ ਰੁਪਏ ਦੇ ਵੀਵੀਆਈ ਪੀ ਹੈਲੀਕਾਪਟਰ ਘੁਟਾਲਾ ਕੇਸ ਇਟਲੀ ਦੀ ਜਿਹੜੀ ਕੰਪਨੀ ਲਿਓਨਾਰਡੋ ਦੇ ਨਾਲ ਲੈਣ-ਦੇਣ ਉੱਤੇ ਪਾਬੰਦੀ ਲੱਗੀ ਹੋਈ ਸੀ, ਉਸ ਦੇ ਖਿਲਾਫ ਇਹ ਪਾਬੰਦੀ ਹਟਾ ਦਿੱਤੀ ਹੈ। ਮੀਡੀਆ ਰਿਪੋਰਟ ਅਨੁਸਾਰ ਸਰਕਾਰ ਅੰਦਰਲੇ ਸੂਤਰ ਦੱਸਦੇ ਹਨ ਕਿ ਇਸ ਦਾਗੀ ਕੰਪਨੀ ਨਾਲ ਸ਼ਰਤਾਂ ਅਧੀਨ ਡੀਲ ਕਰਨ ਤੋਂ ਪਾਬੰਦੀ ਹਟਾਈ ਗਈ ਹੈ। ਮੋਦੀ ਸਰਕਾਰ ਦੇ ਇਸ ਫੈਸਲੇ ਮੁਤਾਬਕ ਇਸ ਕੰਪਨੀ ਵਿਰੁੱਧ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜਾਂਚ ਜਾਰੀ ਰਹੇਗੀ।ਦੱਸਿਆ ਗਿਆ ਹੈ ਕਿ ਕੰਪਨੀ ਨੂੰ ਪਹਿਲਾਂ ਕੀਤੇ



ਕਿਸੇ ਸਮਝੌਤੇ ਮੁਤਾਬਕ ਭਾਰਤ ਸਰਕਾਰ ਤੋਂ ਕੋਈ ਵਿੱਤੀ ਦਾਅਵਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਪਾਬੰਦੀ ਹਟਣ ਤੋਂ ਬਾਅਦ ਇਸ ਨੂੰ ਨਵੇਂ ਸਿਰੇ ਤੋਂ ਕੰਮ ਸ਼ੁਰੂ ਕਰਨਾ ਹੋਵੇਗਾ।

ਵਰਨਣ ਯੋਗ ਹੈ ਕਿ ਵੀਵੀਆਈਪੀਜ਼ ਲਈ ਭਾਰਤ ਨੂੰ 12 ਏ ਡਬਲਯੂ-101 ਹੈਲੀਕਾਪਟਰ ਸਪਲਾਈ ਕਰਨ ਲਈ 3,600 ਕਰੋੜ ਰੁਪਏ ਦੇ ਸੌਦੇ ਵਿਚ ਯੂਰਪੀ ਏਜੰਸੀਆਂ ਦੀ ਭੂਮਿਕਾ ਕਾਰਨ ਡਾਕਟਰ ਮਨਮੋਹਨ ਸਿੰਘ ਦੀ ਯੂ ਪੀਏ ਸਰਕਾਰ ਦੌਰਾਨ 2013-14 ਵਿਚ ਭਾਰਤ ਨੇ ਕੰਪਨੀ ਨਾਲ ਸੌਦਾ ਰੋਕ ਦਿੱਤਾ ਸੀ ਅਤੇ ਇਸ ਦੀ ਜਾਂਚ ਦੇ ਦੌਰਾਨ ਕਈ ਵਿਅਕਤੀਆਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਮੋਦੀ ਸਰਕਾਰ ਦੇ ਰੱਖਿਆ ਮੰਤਰਾਲੇ ਨੇ ਤਾਜ਼ਾ ਫੈਸਲਾ ਇਟਲੀਦੀ ਕੰਪਨੀ ਦੀ ਬੇਨਤੀ ਉੱਤੇ ਕਾਨੂੰਨ ਮੰਤਰਾਲੇ ਤੇ ਹੋਰ ਏਜੰਸੀਆਂ ਨਾਲ ਸਲਾਹ ਕਰਕੇ ਲਿਆ ਹੈ।ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇਸਮੇਂ ਭ੍ਰਿਸ਼ਟਾਚਾਰ ਦਾ ਦੋਸ਼ ਸਿਰਫ਼ ਅਗਸਤਾ ਵੈਸਟਲੈਂਡ ਬਾਰੇ ਸੀ, ਪਰ ਇਹ ਹੈਲੀਕਾਪਟਰ ਬਣਾਉਣ ਵਾਲੀ ਕੰਪਨੀ ਫਿਨਮੇਕੈਨਿਕਾ ਨਾਲ ਸਾਰੇ ਸੌਦੇ ਰੋਕੇ ਗਏ ਸਨ। ਇਨ੍ਹਾਂ ਵਿਚ ਬਲੈਕ ਸ਼ਾਰਕ ਟਾਰਪੀਡੋਜ਼ ਦਾ ਸੌਦਾ ਵੀ ਸ਼ਾਮਲ ਸੀ, ਜਿਨ੍ਹਾਂ ਨੂੰ ਉਦੋਂ ਭਾਰਤੀ ਸਮੁੰਦਰੀ ਫੌਜ ਨੇ ਮਨਜ਼ੂਰ ਕੀਤਾ ਹੋਇਆ ਸੀ।

ਪਿੱਛੇ ਜਿਹੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੈਂਕ ਧੋਖਾਧੜੀ ਨਾਲ ਸਬੰਧਤ ਮਨੀ ਲਾਂਡਰਿੰਗ ਦੇ ਕੇਸ ਵਿਚ 3,600 ਕਰੋੜ ਰੁਪਏ ਦੇ ਵੀਵੀਆਈਪੀ ਹੈਲੀਕਾਪਟਰ ਸੌਦੇ ਦਾ ਇਕ ਦੋਸ਼ੀ ਰਾਜੀਵ ਸਕਸੈਨਾ ਗ੍ਰਿਫਤਾਰ ਕੀਤਾ ਅਤੇ ਕਿਹਾ ਸੀ ਕਿ ਹੈਲੀਕਾਪਟਰ ਸੌਦਾਕੇਸਦਾ ਵਿਚੋਲਾ ਸਕਸੈਨਾ ਦੁਬਈ ਵਿਚ ਰਹਿ ਰਿਹਾ ਸੀ, ਜਿਸ ਨੂੰ 31 ਜਨਵਰੀ 2019 ਨੂੰ ਭਾਰਤ ਨੇ ਯੂ ਏ ਈ ਤੋਂ ਲਿਆਂਦਾ ਅਤੇ ਇਸਕੇਸ ਵਿਚ ਗ੍ਰਿਫਤਾਰ ਕੀਤਾ ਸੀ। ਰਿਸ਼ਵਤ ਦੇ ਦੋਸ਼ਾਂ ਦੇ ਸਾਹਮਣੇ ਆਉਣ ਤੋਂ ਬਾਅਦ ਭਾਰਤ ਨੇ 2014 ਵਿਚ ਵੀਵੀਆਈ ਪੀ ਹੈਲੀਕਾਪਟਰ ਸੌਦਾ ਰੱਦ ਕਰ ਦਿੱਤਾ ਸੀ।

# ਨਿਊਜ਼ੀਲੈਂਡ ਵਿੱਚ 'ਇੱਛਾ ਮੌਤ' ਦਾ ਕਾਨੂੰਨ ਲਾਗੂ, ਲੋਕ ਮਰਜ਼ੀ ਨਾਲ ਮਰ ਸਕਣਗੇ

ਵਲਿੰਗਟਨ, 7 ਨਵੰਬਰ, (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਐਤਵਾਰ ਸਵੇਰ ਤੋਂ ਇੱਛਾ ਮੌਤ ਦਾ ਕਾਨੂੰਨ ਲਾਗੂਕਰ ਦਿੱਤਾ ਗਿਆ ਹੈ, ਜਿਸ ਪਿੱਛੋਂ ਲੋਕ ਆਪਣੀ ਮਰਜ਼ੀ ਨਾਲ ਮਰ ਸਕਦੇ ਹਨ।ਇਸ ਤੋਂ ਪਹਿਲਾਂਕੁਝ ਦੇਸ਼ਾਂ ਵਿੱਚ ਇੱਛਾ ਮੌਤ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਅਤੇ ਮੌਤ ਵਿੱਚ ਸਹਿਯੋਗ ਬਾਰੇਵੱਖ-ਵੱਖ ਨਿਯਮ ਅਤੇ ਸ਼ਰਤਾਂ ਹਨ। ਨਿਊਜ਼ੀਲੈਂਡ ਵਿੱਚ ਸਿਰਫ਼ ਉਨ੍ਹਾਂ ਲੋਕਾਂ ਨੂੰ ਮਰਜ਼ੀ ਨਾਲ ਮਰਨ ਦੀਇਜਾਜ਼ਤ ਮਿਲੇਗੀ, ਜਿਹੜੇ ਗੰਭੀਰ ਬੀਮਾਰੀ ਤੋਂ ਪੀੜਤ ਹਨ, ਜਿਹੜੀ ਅਗਲੇ ਛੇ ਮਹੀਨਿਆਂ ਵਿੱਚ ਜੀਵਨ ਨੂੰ ਖਤਮ ਕਰ ਦਿੰਦੀ ਹੈ।ਇੱਛਾ ਮੌਤ ਦੀ ਇਸ ਪ੍ਰਕਿਰਿਆ ਲਈ ਘੱਟੋ-ਘੱਟ ਦੋ ਡਾਕਟਰਾਂ ਦੀ ਸਹਿਮਤੀ ਜ਼ਰੂਰੀ ਹੈ। ਇਹ ਕਾਨੂੰਨ ਲਾਗੂ ਕਰਨ ਲਈ ਨਿਊਜ਼ੀਲੈਂਡ ਵਿਚ ਰਾਏਸ਼ੁਮਾਰੀ ਕਰਵਾਈ ਗਈ ਤਾਂ 65 ਫੀਸਦੀ ਤੋਂ ਵੱਧ ਲੋਕਾਂ ਨੇ ਇਸ ਦੇ ਹੱਕ ਵਿੱਚ ਵੋਟਾਂ ਪਾਈਆਂ ਸਨ। ਨਿਊਜ਼ੀਲੈਂਡ ਵਿੱਚ ਇਸ ਮੁੱਦੇ ਉੱਤੇ ਲੰਬੇ ਸਮੇਂ ਤੋਂ ਬਹਿਸ ਹੋ ਰਹੀ ਸੀ ਤੇ ਅੱਜ ਐਤਵਾਰ ਤੋਂ ਕਾਨੂੰਨ ਲਾਗੂ ਹੋ ਗਿਆ ਹੈ। ਇਹ ਸੁਣਨ ਨੂੰ ਅਜੀਬ ਹੈ, ਪਰ ਕੁਝ ਲੋਕਾਂ ਲਈ ਇਹ ਰਾਹਤ ਦੀ ਖ਼ਬਰ ਹੈ। ਕਈ ਲੋਕ ਇਸ ਦਾ ਵਿਰੋਧ ਵੀ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇੱਛਾ ਮੌਤ ਨਾਲ ਸਮਾਜ ਵਿਚ ਮਨੁੱਖੀ ਜੀਵਨ ਅਤੇ ਕਦਰਾਂ-ਕੀਮਤਾਂ ਦਾ ਸਤਿਕਾਰ ਘਟ ਜਾਵੇਗਾ ਤੇ ਕਮਜ਼ੋਰ ਲੋਕਾਂ, ਖਾਸ ਤੌਰ ਉੱਤੇ ਅਪਾਹਜ ਵਿਅਕਤੀਆਂ ਜਾਂ ਜੀਵਨ ਦੇ ਅਖੀਰਲੇ ਦਿਨਾਂ ਵਿੱਚ ਰਹਿ ਰਹੇ ਲੋਕਾਂ ਦੀ ਸੰਭਾਲ ਘੱਟ ਜਾਵੇਗੀ।ਇਸ ਕਾਨੂੰਨ ਦਾ ਸਮੱਰਥਕਾਂ ਦੀ ਰਾਏ ਹੈ ਕਿ ਮਨੁੱਖ ਨੂੰ ਇਹ ਹੱਕ ਹੈ ਕਿ ਉਹ ਕਦੋਂ ਅਤੇ ਕਿਵੇਂ ਮਰਨਾ ਚਾਹੁੰਦਾ ਹੈ।ਇਸ ਲਈ ਇਹ ਲਾਗੂ ਕਰ ਦਿੱਤਾ ਗਿਆ ਹੈ।

# ਤੇਲ ਟੈਂਕਰ ਵਿਚ ਧਮਾਕੇ ਕਾਰਨ 91 ਲੋਕਾਂ ਦੀ ਮੌਤ, 100 ਜ਼ਖਮੀ

ਫਰੀਟਾਊਨ, 7 ਨਵੰਬਰ, (ਪੋਸਟ ਬਿਊਰੋ)- ਅਫਰੀਕੀ ਦੇਸ਼ ਸਿਏਰਾ ਲਿਓਨ ਵਿਚ ਇਕ ਤੇਲ ਟੈਂਕਰ ਵਿਚਧਮਾਕਾ ਹੋਣ ਕਾਰਨ ਘੱਟੋ-ਘੱਟ 91 ਲੋਕਾਂ ਦੀ ਮੌਤ ਹੋ ਗਈ ਅਤੇ ਵੱਡੀ ਗਿਣਤੀ ਵਿੱਚ ਲੋਕ ਜ਼ਖਮੀ ਹੋਏ ਹਨ। ਸਿਏਰਾ ਲਿਓਨਦੀ ਰਾਜਧਾਨੀ ਫਰੀਟਾਊਨਵਿੱਚ ਇਹ ਘਟਨਾ ਓਦੋਂ ਵਾਪਰੀ, ਜਦੋਂ 40 ਫੁੱਟ ਲੰਬਾ ਤੇਲ ਟੈਂਕਰ ਦੂਸਰੇ ਵਾਹਨ ਨਾਲ ਟਕਰਾ ਗਿਆ। ਇਸ ਨਾਲ ਜ਼ਬਰਦਸਤ ਧਮਾਕਾ ਹੋਇਆ ਤੇ ਪੂਰੇ ਇਲਾਕੇ ਵਿੱਚਹਲਚਲ ਮੱਚ ਗਈ। ਸਥਾਨਕ ਮੀਡੀਆ ਵੱਲੋਂ ਘਟਨਾ ਬਾਰੇ ਜਾਰੀ ਕੀਤੀ ਵੀਡੀਓਵਿੱਚ ਟੈਂਕਰ ਦੇ ਦੁਆਲੇ ਲੋਕਾਂ ਦੀਆਂ ਲਾਸ਼ਾਂ ਪਈਆਂ ਨਜ਼ਰ ਆ ਰਹੀਆਂ ਹਨ। ਮੇਅਰ ਯਵੋਨ ਅਕੀ-ਸਵਾਇਰ ਨੇ ਕਿਹਾ ਕਿ ਇਹ ਦੱਸਣਾ ਔਖਾ ਹੈ ਕਿ ਕਿੰਨਾ ਨੁਕਸਾਨ ਹੋਇਆ ਹੈ।ਇਕ ਫੇਸਬੁੱਕ ਪੋਸਟ ਵਿੱਚ ਮੇਅਰ ਨੇ ਕਿਹਾ ਕਿ ਇੱਕ ਅਫਵਾਹ ਸੀ ਕਿ 100 ਤੋਂ ਵੱਧ ਲੋਕ ਮਾਰੇ ਗਏ ਹਨ, ਪਰ ਹਾਲੇਤੱਕ ਅਧਿਕਾਰਤ ਤੌਰ ਉੱਤੇਮ੍ਰਿਤਕਾਂ ਦੀ ਗਿਣਤੀ ਦਾ ਪਤਾ ਨਹੀਂ ਲੱਗਾ। ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ ਉੱਤੇ ਪਹੁੰਚ ਗਈਆਂ ਅਤੇ ਰਾਹਤ ਅਤੇ ਬਚਾਅ ਕੰਮ ਸ਼ੁਰੂ ਕਰ ਦਿੱਤਾ ਗਿਆ।

# ਚੰਨੀ ਦਾ ਸਿੱਧੂ ਉੱਤੇ ਪਲਟਵਾਰ: ਮੈਂ ਕਮਜ਼ੋਰ ਨਹੀਂ ਹਾਂ, ਬੇਅਦਬੀ ਤੇ ਨਸ਼ੇ ਦਾ ਮਸਲਾ ਹੱਲ ਕਰੂੰਗਾ

ਚਮਕੌਰ ਸਾਹਿਬ, 7 ਨਵੰਬਰ, (ਪੋਸਟ ਬਿਊਰੋ)-ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਵੱਲੋਂ ਬੇਅਦਬੀ ਕਾਂਡ ਅਤੇ ਨਸ਼ੇ ਦੇ ਮੁੱਦੇ ਉੱਤੇਪ੍ਰੈੱਸ ਕਾਨਫਰੰਸ ਕਰ ਕੇ ਤਿੱਖਾ ਹਮਲਾ ਕਰਨ ਤੋਂ ਇਕ ਦਿਨ ਬਾਅਦ ਹੋਏ ਆਪਣੇ ਪਹਿਲੇ ਜਨਤਕ ਪ੍ਰੋਗਰਾਮ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ਼ਾਰਿਆਂ ਨਾਲਸਿੱਧੂ ਨੂੰ ਜਵਾਬ ਦੇਂਦਿਆਂ ਕਿਹਾ, "ਮੈਂ ਗ਼ਰੀਬ ਪਰਿਵਾਰ ਤੋਂ ਹਾਂ, ਪਰ ਕਮਜ਼ੋਰ ਨਹੀਂ ਹਾਂ। ਬੇਅਦਬੀ ਤੇ ਨਸ਼ੇ ਦੇ ਮਸਲੇ ਹਨ, ਉਨ੍ਹਾਂ ਨੂੰ ਮਜ਼ਬੂਤੀ ਨਾਲ ਹੱਲ ਕਰ ਕੇ ਰਹਾਂਗਾ। ਲੋਕ ਕਹਿਣਗੇ, ਘਰ-ਘਰ ਵਿਚ ਚੱਲੀ ਗੱਲ, ਚੰਨੀ ਕਰਦਾ ਮਸਲੇ ਹੱਲ।"

ਅੱਜ ਸ਼ਨਿਚਰਵਾਰ ਨੂੰ ਆਪਣੇ ਹਲਕੇ ਸ੍ਰੀ ਚਮਕੌਰ ਸਾਹਿਬ ਦੇ ਕਸਬਾ ਬੇਲਾ ਵਿੱਚ ਸਤਲੁਜ ਦਰਿਆ ਉੱਤੇ 115 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪੁਲ਼ ਦਾ ਨੀਂਹ ਪੱਥਰ ਰੱਖਣ ਪੁੱਜੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ, 'ਬੇਅਦਬੀ ਕੇਸ ਵਿੱਚ ਐੱਸਆਈਟੀ (ਵਿਸ਼ੇਸ਼ ਜਾਂਚ ਟੀਮ) ਦੀ ਜਾਂਚ ਤੇਜ਼ੀ ਨਾਲ ਸਹੀ ਦਿਸ਼ਾ ਵਿੱਚਚੱਲ ਰਹੀ ਹੈ। ਸਾਡੀ ਕਾਨੂੰਨੀ ਟੀਮ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਤੋਂ ਪੁੱਛਗਿੱਛ ਕਰਨ ਲਈ ਇਜਾਜ਼ਤ ਲੈਣ ਵਿੱਚਸਫਲ ਰਹੀ ਹੈ। ਪੰਜ-ਛੇ ਸਾਲ ਨਸ਼ੇ ਦੇ ਮੁੱਦੇ ਦੀ ਅਣਦੇਖੀ ਕੀਤੀ ਗਈ ਸੀ, ਪ੍ਰਮਾਤਮਾ ਚਾਹੇਗਾ ਤਾਂ ਨਸ਼ੇ ਦੀ ਇਸ ਖੇਡ ਵਿੱਚ ਸ਼ਾਮਲ ਲੋਕਾਂ ਦੀ ਫਾਈਲ 18 ਨਵੰਬਰ ਨੂੰ ਖੁੱਲ੍ਹ ਜਾਵੇਗੀ ਅਤੇਡਰੱਗ ਮਾਫ਼ੀਆ ਦੀ ਰਿਪੋਰਟ ਖੁੱਲ੍ਹੀ ਤਾਂ ਕਈ 'ਵੱਡੀਆਂ ਮੱਛੀਆਂ' ਫੜੀਆਂ ਜਾਣਗੀਆਂ। ਮੈਂ ਨਾ ਸੌਂਵਾਂਗਾ ਤੇ ਨਾ ਉਨ੍ਹਾਂ ਨੂੰ ਸੌਣ ਦੇਵਾਂਗਾ, ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਨਸ਼ੇ ਵਿੱਚ ਗ਼ਰਕ ਕਰ ਦਿੱਤੀ ਹੈ, ਇਨ੍ਹਾਂ ਲੋਕਾਂ ਨੂੰ ਏਥੇ ਹੀ ਹਿਸਾਬ ਦੇਣਾ ਪਵੇਗਾ। ਇਹ ਲੋਕ ਭੱਜਣ ਲੱਗੇ ਹਨ, ਪਰ ਇਨ੍ਹਾਂ ਨੂੰ ਭੱਜਣ ਨਹੀਂ ਦਿੱਤਾ ਜਾਵੇਗਾ।' ਇਹ ਸਾਰੇ ਇਸ਼ਾਰੇ ਨਵਜੋਤ ਸਿੰਘ ਸਿੱਧੂ ਦਾ ਜਵਾਬ ਸਮਝੇ ਗਏ ਹਨ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਸ਼ੁੱਕਰਵਾਰ ਨੂੰ ਨਵਜੋਤ ਸਿੰਘ ਸਿੱਧੂ ਨੇ ਕਿਹਾ ਸੀ ਕਿ ਚੰਨੀ ਸਰਕਾਰ ਦੇ 50 ਦਿਨ ਬੀਤ ਗਏ ਹਨ, ਪਰ ਬੇਅਦਬੀ ਤੇ ਨਸ਼ੇ ਦੇ ਮੁੱਦੇ ਉੱਤੇ ਕੁਝ ਨਹੀਂ ਹੋਇਆ। ਇਸ ਤੋਂ ਬਿਨਾ ਸਿੱਧੂ ਨੇ ਇਹ ਵੀ ਕਿਹਾ ਸੀ ਕਿ ਜਦੋਂ ਤਕ ਪੰਜਾਬ ਦਾ ਐਡਵੋਕੇਟ ਜਨਰਲ ਅਤੇ ਪੰਜਾਬ ਪੁਲਸ ਦਾ ਮੁਖੀ (ਡੀਜੀਪੀ) ਨਹੀਂ ਹਟਾਇਆ ਜਾਂਦਾ, ਓਦੋਂ ਤੱਕ ਉਹ ਕਾਂਗਰਸ ਭਵਨ ਵਿੱਚ ਵੀ ਨਹੀਂ ਜਾਣਗੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

## 7 ਗੱਡੀਆਂ ਟਕਰਾਈਆਂ, 3 ਜ਼ਖ਼ਮੀ

...ਪੰਨਾ 1 ਦਾ ਬਾਕੀ

ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ 60 ਸਾਲਾ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਇੱਕ ਹੋਰ ਵਿਅਕਤੀ ਨੂੰ ਵੀ ਹਸਪਤਾਲ ਲਿਜਾਇਆ ਗਿਆ ਉਸ ਦੀ ਹਾਲਤ ਵੀ ਗੰਭੀਰ ਦੱਸੀ ਜਾਂਦੀ ਹੈ। ਤੀਜੇ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ। ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਇਹ ਹਾਦਸਾ ਕਿਵੇਂ ਹੋਇਆ ਤੇ ਪੁਲਿਸ ਵੱਲੋਂ ਮੌਕੇ ਤੋਂ ਫਰਾਰ ਹੋਈ ਗੱਡੀ ਦਾ ਵੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿੱਚ ਲਾਂਘਾ ਵੀ ਬੰਦ ਕਰ ਦਿੱਤਾ ਗਿਆ ਹੈ।

# ਐਡਵੋਕੇਟ ਜਨਰਲ ਵੱਲੋਂ ਸਿੱਧੂ ਦਾ ਜਵਾਬ: ਆਪਣੇ ਸਿਆਸੀ ਲਾਹੇ ਲਈ ਸਿੱਧੂ ਆਪਣੀ ਸਰਕਾਰ ਦਾ ਨੁਕਸਾਨ ਕਰ ਰਿਹੈ

*** ਨਵਜੋਤ ਸਿੱਧੂ ਪਿੰਡ ਬੁਰਜ ਜਵਾਹਰ ਵਾਲਾ ਅਰਦਾਸ ਕਰਨ ਜਾ ਪੁੱਜਾ**



ਚੰਡੀਗੜ੍ਹ, 7 ਨਵੰਬਰ, (ਪੋਸਟ ਬਿਊਰੋ)-ਪੰਜਾਬ ਦੇ ਐਡਵੋਕੇਟ ਜਨਰਲ ਅਮਰਪ੍ਰੀਤ ਸਿੰਘ ਦਿਓਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਉਤੇ ਅੱਜ ਵੱਡਾ ਸ਼ਬਦੀ ਹਮਲਾ ਕੀਤਾ। ਦਿਓਲ ਨੇ ਨਵਜੋਤ ਸਿੱਧੂਉੱਤੇ ਆਪਣੇ ਸਿਆਸੀ ਫਾਇਦੇ ਲਈ ਆਪਣੀ ਹੀ ਸਰਕਾਰ ਦਾ ਨੁਕਸਾਨ ਕਰਨ ਦਾ ਦੋਸ਼ ਲਾ ਕੇ ਕਿਹਾ: 'ਨਵਜੋਤ ਸਿੰਘ ਸਿੱਧੂਰਾਜ ਸਰਕਾਰ ਤੇ ਐਡਵੋਕੇਟ ਜਨਰਲ ਦੇ ਦਫ਼ਤਰ ਦੇ ਕੰਮ-ਕਾਜ ਵਿੱਚ ਰੁਕਾਵਟਾਂ ਪਾ ਰਹੇ ਹਨ।'

ਇਕ ਬਿਆਨ ਵਿੱਚ ਐਡਵੋਕੇਟ ਜਨਰਲ ਏ ਪੀ ਐੱਸ ਦਿਓਲ ਨੇ ਕਿਹਾ ਕਿ ਨਵਜੋਤ ਸਿੰਘਸਿੱਧੂ ਸਰਕਾਰ ਅਤੇ ਐਡਵੋਕੇਟ ਜਨਰਲ ਦਫਤਰ ਦੇ ਕੰਮ ਵਿੱਚ ਵਿਘਨ ਪਾ ਰਹੇ ਹਨ ਤੇ ਆਪਣੇ ਸਿਆਸੀ ਲਾਭ ਲਈ ਗਲਤ ਸੂਚਨਾ ਫੈਲਾ ਰਹੇ ਹਨ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਨਸ਼ਾਖੋਰੀ ਤੇ ਬੇਅਦਬੀ ਦੇ ਕੇਸਾਂ ਲਈ ਨਿਆਂ ਅੱਗੇ ਅੜਿਕਾ ਬਣ ਰਹੇ ਹਨ। ਐਡਵੋਕੇਟ ਜਨਰਲ ਨੇ ਇਹ ਵੀ ਕਿਹਾ ਕਿ ਅਗਲੇ ਸਾਲ ਦੀਆਂ ਅਸੈਂਬਲੀ ਚੋਣਾਂ ਕਾਰਨ ਸਵਾਰਥੀ ਹਿੱਤਾਂ ਵੱਲੋਂ ਐਡਵੋਕੇਟ ਜਨਰਲ ਦੇ ਸੰਵਿਧਾਨਕ ਅਹੁਦੇ ਦਾ ਰਾਜਸੀਕਰਨ ਕਰ ਕੇ ਪੰਜਾਬ ਦੀ ਕਾਂਗਰਸ ਦੀ ਕਾਰਗੁਜ਼ਾਰੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਇਹ ਇਸ਼ਾਰੇ ਪਹਿਲੀ ਵਾਰ ਕੀਤੇ ਗਏ ਹਨ। ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅੱਜ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਗਏ, ਜਿੱਥੋਂ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਸਾਲ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਪਿੱਛੋਂ ਬੇਅਦਬੀ ਕਾਂਡ ਦੀ ਸਾਰੀ ਸ਼ੁਰੂਆਤ ਹੋਈ ਸੀ। ਸਿੱਧੂ ਨੇ ਗੁਰਦੁਆਰਾ ਸਾਹਿਬ ਵਿਖੇ ਬੇਅਦਬੀ ਦੇ ਦੋਸ਼ੀਆਂ ਦੀਆਂ ਸਜ਼ਾਵਾਂ ਲਈ ਅਰਦਾਸ ਕੀਤੀ ਅਤੇ ਇਸ ਪਿੱਛੋਂ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਏਥੇ ਬੇਅਦਬੀ ਦੇ ਦੋਸ਼ੀਆਂ ਦੀਆਂ ਸਜ਼ਾਵਾਂ ਲਈ ਅਰਦਾਸ ਕਰਨ ਆਏ ਹਨ।

ਇਸ ਮੌਕੇ ਪਿੰਡ ਦੇ ਇਸ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਗੋਰਾ ਸਿੰਘ ਨੇ ਨਵਜੋਤ ਸਿੰਘਸਿੱਧੂ ਕੋਲ ਗਿਲਾ ਕੀਤਾ ਕਿ ਪੁਲਿਸ ਨੇ ਉਸ ਉੱਤੇ ਤਸ਼ੱਦਦ ਕੀਤਾ ਸੀ ਤੇ ਕਰੀਬ 4 ਸਾਲ ਪਹਿਲਾਂ ਰਾਜ ਸਰਕਾਰ ਨੇ ਉਸ ਲਈ 5 ਲੱਖ ਰੁਪਏ ਦੀ ਮਾਲੀ ਮਦਦ ਦਾ ਐਲਾਨ ਕੀਤਾ ਸੀ, ਪਰ ਅੱਜ ਤੱਕ ਮਦਦ ਨਹੀਂ ਮਿਲੀ। ਨਵਜੋਤ ਸਿੰਘ ਸਿੱਧੂ ਨੇ ਓਥੋਂ ਟਵੀਟ ਵੀ ਕੀਤਾ, 'ਗੁਰਦੁਆਰਾ ਸਾਹਿਬ ਬੁਰਜ ਜਵਾਹਰ ਸਿੰਘ ਵਾਲਾ, ਬਰਗਾੜੀ ਵਿਖੇ ਅਰਦਾਸ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾ ਦੀ ਅਰਦਾਸ।' ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਇਹੋ ਜਿਹੀ ਮਿਸਾਲੀ ਸਜ਼ਾ ਮਿਲੇ ਕਿ ਉਨ੍ਹਾਂ ਦੀਆਂ ਪੀੜ੍ਹੀਆਂ ਯਾਦ ਰੱਖਣ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**

## ਖਿੜਕੀਆਂ ਅਤੇ ਦਰਵਾਜੇ ਲਗਵਾਓ

Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

**ਅਸੀਂ ਪੇਂਟ ਵੀ ਕਰਦੇ ਹਾਂ**


24 ਘੰਟੇ ਤੁਹਾਡੀ ਸੇਵਾ ਵਿੱਚ

**CANADIAN GLASS AND WINDOW**

**SINGH (TOCHI)**
**416-454-3031**
**647-784-8240**
Email: tochisangha1@hotmail.com

## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
**647-739-4641**
**346-714-0224**

## REXDALE FINANCIAL SERVICES

WE HELP YOU START, GROW AND SUCCEED

We bring Canada's leading lenders to you — The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated

Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!

- DEBT CONSOLIDATION
- HOME EQUITY LOANS
- HOME RENOVATION
- WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'



**MORTGAGES SUITABLE FOR EVERY NEED!**
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%

YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ


ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

**4165618882, 4164544587**

## UK TRUCK TRAINING CENTRE

ukttc — PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification



Counterbalance | Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## BEST CANADIAN TRUCK & FORKLIFT TRAINING CENTRE

Best Canadian Truck & Forklift Training Centre
Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days


Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਤਜਰਬੇਕਾਰ ਪੱਤਰਕਾਰਾਂ ਦੀ ਨਜ਼ਰ ਵਿੱਚ ਇਹ ਬਣਦੈ ਅੱਜ ਦੇ ਪੰਜਾਬ ਦਾ ਰਾਜਸੀ ਨਕਸ਼ਾ




ਜਤਿੰਦਰ ਪੰਨੂ

ਵਿਧਾਨ ਸਭਾ ਚੋਣਾਂ ਹੋਣੀਆਂ ਹੋਣ ਜਾਂ ਪਾਰਲੀਮੈਂਟ ਦੀਆਂ, ਅਗੇਤੇ ਅੰਦਾਜ਼ੇ ਅਸੀਂ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਪਹਿਲਾਂ ਤੋਂ ਲਾਉਂਦੇ ਰਹੇ ਹਾਂ, ਪਰ ਏਨਾ ਅਗੇਤਾ ਇਹ ਕੰਮ ਕਦੀ ਨਹੀਂ ਕੀਤਾ ਕਿ ਚੋਣਾਂ ਵਿੱਚ ਚਾਰ-ਪੰਜ ਮਹੀਨੇ ਬਾਕੀ ਹੋਣ ਅਤੇ ਇਹ ਸੋਚਣ ਬਹਿ ਜਾਈਏ ਕਿ ਕੌਣ ਕਿੰਨੇ ਪਾਣੀ ਵਿੱਚ ਹੈ! ਪਿਛਲੇ ਦਿਨੀਂ ਇੱਕ ਸੰਸਥਾ ਵੱਲੋਂ ਕੁਝ ਲੋਕ ਇਹ ਵੇਖਣ ਲਈ ਪੰਜਾਬ ਆਏ ਕਿ ਏਥੋਂ ਦੇ ਲੋਕਾਂ ਦਾ ਚੋਣਾਂ ਬਾਰੇ ਇਸ ਵਾਰੀ ਕਿੱਦਾਂ ਦਾ ਮੂਡ ਹੈ ਤੇ ਘੁੰਮਦੀ ਹੋਈ ਉਹ ਟੀਮ ਸਾਡੇ ਤੱਕ ਵੀ ਆ ਪਹੁੰਚੀ। ਕੁਝ ਗੱਲਾਂ ਬਾਰੇ ਉਨ੍ਹਾਂ ਦੀ ਰਾਏ ਸਾਡੇ ਵਰਗੀ ਸੀ, ਪਰ ਕੁਝ ਵਖਰੇਵੇਂ ਵੀ ਸਨ ਤੇ ਜਦੋਂ ਉਹ ਟੀਮ ਚਲੀ ਗਈ ਤਾਂ ਅਸੀਂ ਉਹ ਕੰਮ ਸ਼ੁਰੂ ਕਰ ਲਿਆ, ਜਿਹੜਾ ਚੋਣਾਂ ਨੇੜੇ ਜਾ ਕੇ ਕਰਦੇ ਹੁੰਦੇ ਸਾਂ। ਮੈਂ ਚੋਣਾਂ ਵਿੱਚ ਲੋਕਾਂ ਕੋਲ ਖੁਦ ਬਹੁਤ ਘੱਟ ਜਾਂਦਾ ਹਾਂ, ਪਰ ਹਰ ਜ਼ਿਲੇ ਵਿੱਚ ਪੱਤਰਕਾਰੀ ਦੇ ਲੰਮੇ ਤਜਰਬੇ ਵਾਲੇ ਚਾਰ-ਪੰਜ ਏਹੋ ਜਿਹੇ ਸੱਜਣ ਮੇਰੀ ਸਾਂਝ ਵਾਲੇ ਹਨ, ਜਿਹੜੇ ਆਪਣੇ ਜ਼ਿਲੇ ਦੇ ਹਰ ਹਲਕੇ ਬਾਰੇ ਮੇਰੇ ਨਾਲ ਖੁੱਲ੍ਹ ਕੇ ਗੱਲ ਕਰ ਸਕਦੇ ਹਨ ਤੇ ਉਨ੍ਹਾਂ ਦੀ ਗੱਲ ਵਿੱਚ ਵਜ਼ਨ ਵੀ ਏਨਾ ਹੁੰਦਾ ਹੈ ਕਿ ਆਮ ਕਰ ਕੇ ਅੰਦਾਜ਼ੇ ਸਹੀ ਨਿਕਲਿਆ ਕਰਦੇ ਹਨ। ਇਸ ਵਾਰ ਫਿਰ ਉਨ੍ਹਾਂ ਨਾਲ ਗੱਲ ਕੀਤੀ ਤਾਂ ਜਿਹੜਾ ਨਕਸ਼ਾ ਸਾਡੇ ਸਾਹਮਣੇ ਆਇਆ, ਉਹ ਹੈਰਾਨ ਕਰਨ ਵਾਲਾ ਸੀ।

ਮੇਰੇ ਸਾਂਝ ਵਾਲੇ ਇਹ ਪੱਤਰਕਾਰ ਸੱਜਣ ਆਪਸ ਵਿੱਚ ਇੱਕ ਦੂਸਰੇ ਨੂੰ ਜਾਣਦੇ ਨਹੀਂ ਤੇ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਦੂਸਰਿਆਂ ਵਿੱਚੋਂ ਕੋਈ ਮੇਰੀ ਸਾਂਝ ਵਾਲਾ ਹੋ ਸਕਦਾ ਹੈ, ਪਰ ਇੱਕ ਗੱਲ ਉਨ੍ਹਾਂ ਸਭਨਾਂ ਨੇ ਸਾਂਝੀ ਕਹੀ ਕਿ ਇਸ ਵੇਲੇ ਪੰਜਾਬ ਦੀ ਕੋਈ ਧਿਰ ਵੀ ਪੰਜਾਬ ਦਾ ਮੁੱਦਾ ਨਹੀਂ ਚੁੱਕ ਰਹੀ। ਉਨ੍ਹਾਂ ਸਭਨਾਂ ਦੀ ਰਾਏ ਸੀ ਕਿ ਕਹਿਣ ਲਈ ਨਵਜੋਤ ਸਿੰਘ ਸਿੱਧੂ ਬਹੁਤ ਕਹਿੰਦਾ ਹੈ ਕਿ ਉਸ ਦੇ ਲਈ ਪੰਜਾਬ ਦੇ ਲੋਕਾਂ ਦੇ ਹਿੱਤ ਹੀ ਮੁੱਖ ਹਨ, ਹੋਰ ਕੋਈ ਲਾਲਸਾ ਨਹੀਂ, ਪਰ ਮੋਹਾਲੀ ਤੋਂ ਲਖੀਮਪੁਰ ਖੀਰੀ ਨੂੰ ਤੁਰਨ ਵੇਲੇ ਉਸ ਵੱਲੋਂ ਕਹੀ ਇਹ ਗੱਲ ਲੋਕਾਂ ਵਿੱਚ ਚਰਚਾ ਦਾ ਮੁੱਦਾ ਬਣ ਚੁੱਕੀ ਹੈ ਕਿ 'ਭਗਵੰਤ ਸਿੰਘ ਸਿੱਧੂ ਦੇ ਪੁੱਤਰ ਨੂੰ ਜੇ ਕਿਧਰੇ ਮੁੱਖ ਮੰਤਰੀ ਬਣਾਇਆ ਹੁੰਦਾ।' ਉਸ ਨਾਲ ਫਾਸਲਾ ਰੱਖ ਕੇ ਚੱਲਣ ਵਾਲਾ ਚਰਨਜੀਤ ਸਿੰਘ ਚੰਨੀ ਅਜੇ ਤੱਕ ਮੁੱਦੇ ਤੈਅ ਕਰਨ ਜੋਗਾ ਹੀ ਨਹੀਂ ਬਣਿਆ ਅਤੇ ਹਰ ਗੱਲ ਲਈ ਨਾਲ ਚੱਲਦੇ ਲੋਕਾਂ ਦਾ ਮੂੰਹ ਤੱਕਦਾ ਹੈ। ਹੋਰ ਕੋਈ ਲੀਡਰ ਪੰਜਾਬ ਦੀ ਕਾਂਗਰਸ ਵਿੱਚ ਕਿਸੇ ਗਿਣਤੀ ਵਿੱਚ ਨਹੀਂ। ਅਸੈਂਬਲੀ ਚੋਣਾਂ ਵਿੱਚ ਅੱਸੀ ਸੀਟਾਂ ਜਿੱਤਣ ਦਾ ਦਾਅਵਾ ਕਰ ਦਿੱਤਾ ਹੈ, ਪਰ ਦਾਅਵਾ ਕਰਨ ਵਾਲੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਵੇਰਕੇ ਵਾਲੀ ਆਪਣੀ ਸੀਟ ਵੀ ਖਤਰੇ ਵਿੱਚ ਹੈ, ਕਿਉਂਕਿ ਅਕਾਲੀ ਦਲ ਦਾ ਮਜੀਠੀਆ ਧੜਾ, ਕਾਂਗਰਸ ਤੋਂ ਟੁੱਟਿਆ ਕੈਪਟਨ ਧੜਾ ਤੇ ਭਾਜਪਾ ਦੀ ਧਾੜ ਤੋਂ ਇਲਾਵਾ ਕਾਂਗਰਸ ਵਿਚਲੇ ਕਈ ਲੋਕ ਵੀ ਉਸ ਨੂੰ ਹਰਾਉਣ ਲਈ ਜ਼ੋਰ ਲਾਉਣਗੇ।

ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਬਾਰੇ ਇਨ੍ਹਾਂ ਪੱਤਰਕਾਰਾਂ ਵਿੱਚੋਂ ਅਜੇ ਤੱਕ ਕੋਈ ਸੱਜਣ ਕੁਝ ਨਹੀਂ ਕਹਿ ਰਿਹਾ, ਕਿਉਂਕਿ ਉਸ ਪਾਰਟੀ ਦਾ ਅਜੇ ਮੂੰਹ-ਮੱਥਾ ਨਹੀਂ ਡੌਲਿਆ ਗਿਆ ਤੇ ਪਤਾ ਨਹੀਂ ਕੌਣ ਲੋਕ ਕੀ ਕਰਨਗੇ।

ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਹਰ ਥਾਂ ਵਿਰੋਧ ਪ੍ਰਗਟਾਵਿਆਂ ਦੇ ਬਾਵਜੂਦ ਵੱਟੇ ਖਾਂਦਿਆਂ ਵੀ ਜਲਸੇ ਤੇ ਰੈਲੀਆਂ ਕਰੀ ਜਾਂਦਾ ਹੈ, ਪਰ ਲੋਕਾਂ ਦੇ ਮਨਾਂ ਵਿੱਚੋਂ ਗੁੱਸਾ ਨਹੀਂ ਘਟ ਰਿਹਾ। ਉਹ ਬਹੁਜਨ ਸਮਾਜ ਪਾਰਟੀ ਦੀ ਮਦਦ ਨਾਲ ਪੰਜਾਬ ਜਿੱਤਣ ਦੇ ਸੁਫਨੇ ਲੈ ਰਿਹਾ ਹੈ, ਪਰ ਉਸ ਦੀ ਆਪਣੀ ਜਲਾਲਾ-ਬਾਦ ਸੀਟ ਪਹਿਲਾਂ ਵਰਗੀ ਮਜ਼ਬੂਤ ਨਹੀਂ ਰਹੀ ਤੇ ਉੱਪ ਚੋਣ ਵਿੱਚ ਜਿੱਤਿਆ ਕਾਂਗਰਸੀ ਆਗੂ ਰਵਿੰਦਰ ਆਂਵਲਾ ਪਿੰਡ-ਪਿੰਡ ਅਤੇ ਘਰ-ਘਰ ਆਪਣੇ ਮਜ਼ਬੂਤ ਸੈੱਲ ਖੜੇ ਕਰਨ ਪਿੱਛੋਂ ਇਸ ਪੁਜ਼ੀਸ਼ਨ ਵਿੱਚ ਹੈ ਕਿ ਬਾਦਲ ਪਰਵਾਰ ਨੂੰ ਪਸੀਨੇ ਲਿਆ ਸਕੇ। ਏਹੋ ਜਿਹੀ ਕੋਈ ਔਖ ਅਕਾਲੀ ਦਲ ਵਿੱਚ ਜੇ ਕਿਸੇ ਨੂੰ ਨਹੀਂ ਤਾਂ ਉਹ ਸਿਰਫ ਬਿਕਰਮ ਸਿੰਘ ਮਜੀਠੀਆ ਹੈ, ਜਿਸ ਦੇ ਮੂਹਰੇ ਕੋਈ ਖੜੋਣ ਲਈ ਵੀ ਹਾਲ ਦੀ ਘੜੀ ਤਿਆਰ ਨਹੀਂ ਮਿਲਦਾ। ਆਮ ਆਦਮੀ ਪਾਰਟੀ ਵੱਲੋਂ ਪਾਰਲੀਮੈਂਟ ਚੋਣਾਂ ਵਿੱਚ ਚਾਰ ਸੀਟਾਂ ਜਿੱਤਣ ਦੇ ਵਕਤ ਹਿੰਮਤ ਸਿੰਘ ਸ਼ੇਰਗਿਲ ਨੇ ਆਨੰਦਪੁਰ ਸਾਹਿਬ ਹਲਕੇ ਵਿੱਚ ਤਕੜੀ ਲੜਾਈ ਦਿੱਤੀ ਤਾਂ ਉਸ ਨੂੰ ਪਾਰਟੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਜੀਠੇ ਤੋਂ ਖੜਾ ਕਰ ਕੇ ਉਸ ਦੀ ਪੁਜ਼ੀਸ਼ਨ ਖਰਾਬ ਕਰ ਦਿੱਤੀ ਸੀ ਅਤੇ ਇਸ ਵਾਰੀ ਉਹੋ ਜਿਹਾ ਬਲੀ ਦਾ ਬੱਕਰਾ ਲੱਭਣ ਵਿੱਚ ਇਸ ਪਾਰਟੀ ਨੂੰ ਵੀ ਮੁਸ਼ਕਲ ਆਊਗੀ ਅਤੇ ਕਾਂਗਰਸ ਨੂੰ ਵੀ। ਇਸ ਨਾਲ ਰਾਜਸੀ ਸਥਿਤੀ ਉੱਤੇ ਇਹ ਅਸਰ ਪੈਣ ਵਾਲਾ ਹੈ ਕਿ ਬਿਕਰਮ ਸਿੰਘ ਮਜੀਠੀਆ ਆਪਣੇ ਹਲਕੇ ਤੋਂ ਬੇਫਿਕਰ ਹੋਣ ਕਾਰਨ ਬਾਕੀ ਪੰਜਾਬ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਵੱਧ ਸਰਗਰਮ ਦਿਖਾਈ ਦੇਵੇਗਾ ਤੇ ਇਸ ਦਾ ਨਤੀਜਾ ਪਾਰਟੀ ਅੰਦਰ ਲੀਡਰੀ ਵਿੱਚ ਕਿੱਦਾਂ ਦਾ ਨਿਕਲ ਸਕਦਾ ਹੈ, ਉਸ ਬਾਰੇ ਅਕਾਲੀ ਦਲ ਦੇ ਕਈ ਆਗੂ ਅਗੇਤੇ ਗੱਲਾਂ ਕਰਦੇ ਸੁਣਾਈ ਦੇ ਰਹੇ ਹਨ। ਇਹ ਚੋਣਾਂ ਅਕਾਲੀ ਦਲ ਦੀ ਭਵਿੱਖ ਦੀ ਲੀਡਰਸ਼ਿਪ ਦਾ ਮੁਹਾਂਦਰਾ ਵੀ ਬਦਲ ਸਕਦੀਆਂ ਹਨ।



ਆਮ ਆਦਮੀ ਪਾਰਟੀ ਇਸ ਦੇ ਕੌਮੀ ਕਨਵੀਨਰ ਦੀ ਬੇਤਰਤੀਬੀ ਰਾਜਨੀਤਕ ਪਹੁੰਚ ਦੇ ਬਾਵਜੂਦ ਕਈ ਤਕੜੇ ਹਲਕਿਆਂ ਤੋਂ ਜਿੱਤ ਸਕਣ ਵਾਲੀ ਪੁਜ਼ੀਸ਼ਨ ਵਿੱਚ ਸੁਣੀਂਦੀ ਹੈ। ਜਿਹੜੀ ਰਾਏ ਪੰਜਾਬ ਦੀਆਂ ਵੱਖ-ਵੱਖ ਗੁੱਠਾਂ ਵਾਲੇ ਇਨ੍ਹਾਂ ਪੱਤਰਕਾਰੀ ਦੇ ਮਹਾਰਥੀਆਂ ਦੀ ਸਾਂਝੀ ਸੀ, ਉਹ ਇਹ ਕਿ ਇਸ ਵਾਰੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਤਿੰਨਾਂ ਦੀਆਂ ਲਗਭਗ ਇੱਕੋ ਜਿਹੀਆਂ ਸੀਟਾਂ ਮਜ਼ਬੂਤ ਜਾਪਦੀਆਂ ਹਨ, ਪਰ ਇਨ੍ਹਾਂ ਤਿੰਨਾਂ ਦੀਆਂ ਮਜ਼ਬੂਤ ਸੀਟਾਂ ਮਿਲਾ ਕੇ ਮਸਾਂ ਪੰਜਾਹਾਂ ਤੋਂ ਹੇਠਾਂ ਰਹਿੰਦੀਆਂ ਹਨ। ਬਾਕੀ ਦੀਆਂ ਇਨ੍ਹਾਂ ਨਾਲੋਂ ਡਿਉਢੀਆਂ ਦੇ ਨੇੜੇ ਸੀਟਾਂ ਏਹੋ ਜਿਹਾ ਸੰਕੇਤ ਨਹੀਂ ਦੇ ਰਹੀਆਂ ਕਿ ਊਠ ਕਿਹੜੀ ਕਰਵਟ ਬੈਠੇਗਾ! ਲੋਕ ਇਨਸਾਫ ਪਾਰਟੀ ਦੀਆਂ ਦੋ ਸੀਟਾਂ ਪਿਛਲੀ ਵਾਰੀ ਸਨ, ਦੋ ਇਸ ਵਾਰੀ ਆਉਣ ਦੀ ਆਸ ਹੈ, ਪਰ ਉਹ ਪਹਿਲੀਆਂ ਦੋ ਨਹੀਂ ਹੋਣੀਆਂ, ਇਨ੍ਹਾਂ ਵਿੱਚੋਂ ਇੱਕ ਸੀਟ ਬਦਲਵੀਂ ਹੋ ਸਕਦੀ ਹੈ, ਪਿਛਲੀ ਵਾਰੀ ਵਾਲੀ ਨਹੀਂ ਜਿੱਤੀ ਜਾਣੀ ਤੇ ਨਾਲ ਦੀ ਸੀਟ ਉਸ ਪਾਸੇ ਵੱਲ ਨੂੰ ਝੁਕਦੀ ਜਾਪਣ ਲੱਗ ਪਈ ਹੈ।

ਜਿਹੜੀ ਕਮਾਲ ਦੀ ਗੱਲ ਇਨ੍ਹਾਂ ਸਾਰਿਆਂ ਨੇ ਇੱਕ ਹੋਰ ਕਹਿ ਦਿੱਤੀ, ਉਹ ਇਹ ਸੀ ਕਿ ਭਾਜਪਾ ਸਾਰਾ ਜ਼ੋਰ ਲਾਈ ਜਾਵੇ, ਉਸ ਨੂੰ ਪੰਜਾਬ ਵਿੱਚ ਦੋ ਜਾਂ ਤਿੰਨ ਤੋਂ ਵੱਧ ਸੀਟਾਂ ਮਿਲਣੀਆਂ, ਪਰ ਸਰਕਾਰ ਉਸੇ ਦੀ ਬਣਨੀ ਹੈ। ਅਸੀਂ ਪੁੱਛਿਆ ਕਿ ਜਦੋਂ ਉਸ ਦੀਆਂ ਸੀਟਾਂ ਨਹੀਂ ਆਉਣੀਆਂ ਤਾਂ ਸਰਕਾਰ ਉਸ ਦੀ ਕਿਵੇਂ ਬਣਨੀ ਹੈ, ਉਨ੍ਹਾਂ ਸਾਰਿਆਂ ਦੀ ਇੱਕੋ ਰਾਏ ਸੀ ਕਿ ਸੀਟਾਂ ਨਾਲ ਨਿਬੇੜਾ ਓਦੋਂ ਹੁੰਦਾ ਹੈ, ਜਦੋਂ ਚੋਣਾਂ ਸਿਰੇ ਚੜ੍ਹ ਜਾਣ, ਜਦੋਂ ਸਧਾਰਨ ਲੋਕ ਵੀ ਇਹੋ ਗੱਲ ਕਹਿ ਰਹੇ ਹਨ ਕਿ ਐਤਕੀਂ ਭਾਜਪਾ ਨੇ ਚੋਣਾਂ ਤੋਂ ਬਿਨਾਂ ਪੰਜਾਬ ਦੀ ਕਮਾਨ ਸੰਭਾਲ ਲੈਣੀ ਹੈ ਤਾਂ ਇਸ ਦਾ ਮਤਲਬ ਦੱਸਣ ਦੀ ਲੋੜ ਨਹੀਂ ਰਹਿ ਜਾਂਦੀ। ਉਨ੍ਹਾਂ ਸਭ ਦਾ ਕਹਿਣਾ ਸੀ ਕਿ ਇਸ ਵਿਗਾੜ ਤੋਂ ਹਾਲਾਤ ਦਾ ਸਿਰਫ ਇੱਕੋ ਮੋੜਾ ਪੰਜਾਬ ਨੂੰ ਬਚਾ ਸਕਦਾ ਹੈ ਕਿ ਪੰਜਾਬ ਦੇ ਲੋਕਾਂ ਦਾ ਅਸਲੀ ਮੁੱਦਾ ਲੈ ਕੇ ਬੀਤੇ ਗਿਆਰਾਂ ਮਹੀਨਿਆਂ ਤੋਂ ਦਿੱਲੀ ਦਿਆਂ ਬਾਰਡਰਾਂ ਉੱਤੇ ਬੈਠੇ ਕਿਸਾਨਾਂ ਨਾਲ ਸਮਝੌਤੇ ਦਾ ਕੋਈ ਰਾਹ ਨਿਕਲ ਆਵੇ। ਇਹ ਚਰਚਾ ਹਰ ਪਾਸੇ ਹੈ ਕਿ ਏਦਾਂ ਦਾ ਹੱਲ ਕੱਢਣ ਲਈ ਭਾਜਪਾ ਨੇ ਸਿੱਧਾ ਯਤਨ ਨਹੀਂ ਕਰਨਾ ਤੇ ਕੈਪਟਨ ਅਮਰਿੰਦਰ ਸਿੰਘ ਰਾਹੀਂ ਗੱਲਬਾਤ ਦਾ ਤਾਣ ਲਾ ਰਹੀ ਹੈ, ਪਰ ਇਹ ਮੁੱਦਾ ਸਿਰੇ ਲੱਗਣ ਦੀ ਆਸ ਬਹੁਤੀ ਨਹੀਂ। ਜੇ ਕੋਈ ਹੱਲ ਨਿਕਲ ਆਇਆ ਤਾਂ ਭਾਜਪਾ ਇਸ ਹੱਲ ਦਾ ਸਿਹਰਾ ਲੈ ਕੇ ਆਪਣੇ ਆਗੂ ਨਰਿੰਦਰ ਮੋਦੀ ਨੂੰ ਲੋਕ ਹਿਤੈਸ਼ੀ ਵਜੋਂ ਪਰਚਾਰੇਗੀ ਤੇ ਵੋਟਾਂ ਮੰਗੇਗੀ, ਪਰ ਜੇ ਹੱਲ ਨਾ ਨਿਕਲਿਆ ਤਾਂ ਫਿਰ ਇਹੀ ਹੋਵੇਗਾ ਕਿ ਬਿਨਾਂ ਵੋਟਾਂ ਪੁਆਏ ਤੋਂ ਉਹ ਸਰਕਾਰ ਚੱਲੇਗੀ, ਜਿਸ ਵਿੱਚ ਸਿਰਫ ਇੱਕ ਪਾਰਟੀ ਦਾ ਸਿੱਕਾ ਚੱਲੇਗਾ, ਸਿਰਫ ਇੱਕੋ ਦਾ।

# ਐਮਪੀ ਸੋਨੀਆ ਸਿੱਧੂ ਦਾ ਡਾਇਬਟੀਜ਼ ਤੇ ਬਿੱਲ ਕੈਨੇਡੀਅਨਾਂ ਲਈ ਵਰਦਾਨ ਸਾਬਿਤ ਹੋਵੇਗਾ



ਸੁਰਜੀਤ ਸਿੰਘ ਫਲੋਰਾ

ਸਾਰੇ ਸੰਸਾਰ ਵਿੱਚ, ਨਵੰਬਰ ਸ਼ੂਗਰ ਜਾਗਰੂਕਤਾ ਮਹੀਨਾ ਹੈ। ਇਸ ਸਾਲ ਕੈਨੇਡਾ ਵਿੱਚ ਇਨਸੁਲਿਨ ਦੀ ਜੀਵਨ-ਰੱਖਿਅਕ ਅਤੇ ਕ੍ਰਾਂਤੀਕਾਰੀ ਖੋਜ ਦੀ 100ਵੀਂ ਵਰ੍ਹੇਗੰਢ ਹੈ। ਅਧਿਐਨਾਂ ਨੇ ਦਿਖਾਇਆ ਹੈ ਕਿ ਡਾਇਬੀਟੀਜ਼ ਵਾਲੇ ਲੋਕਾਂ ਵਿੱਚ ਕੋਵਿਡ -19 ਦੇ ਸੰਕਰਮਣ ਦਾ ਵਧੇਰੇ ਜੋਖਮ ਹੁੰਦਾ ਹੈ।

ਕੈਨੇਡਾ ਕੋਲ ਕਦੇ ਵੀ ਸ਼ੂਗਰ ਲਈ ਕੋਈ ਰਾਸ਼ਟਰੀ ਰਣਨੀਤੀ ਨਹੀਂ ਹੈ। ਪਰ ਸੰਸਦ ਨੇ ਬਿੱਲ ਸੀ-237 ਪਾਸ ਕਰ ਦਿੱਤਾ ਹੈ, ਇੱਕ ਰਾਸ਼ਟਰੀ ਡਾਇਬੀਟੀਜ਼ ਫਰੇਮਵਰਕ ਸਥਾਪਤ ਕਰਨ ਲਈ ਇੱਕ ਐਕਟ ਹੈ, ਅਤੇ ਇਹ 29 ਜੂਨ, 2021 ਨੂੰ ਕਾਨੂੰਨ ਬਣ ਗਿਆ ਹੈ, ਜਿਸ ਲਈ ਐਮ ਪੀ ਸੋਨੀਆਂ ਸਿੱਧੂ ਅਤੇ ਅਣਥੱਕ ਵਕੀਲਾਂ ਅਤੇ ਸ਼ੂਗਰ ਸੰਗਠਨਾਂ ਦਾ ਧੰਨਵਾਦ ਕਰਨਾ ਬਣਦਾ ਹੈ।

ਕੈਨੇਡੀਅਨਾਂ ਕੋਲ ਹੁਣ ਡਾਇਬਟੀਜ਼ ਦੇ ਵਧਦੇ ਮੁੱਦੇ ਨੂੰ ਹੱਲ ਕਰਨ ਲਈ ਇੱਕ ਬਿਹਤਰ ਕਾਨੂੰਨੀ ਢਾਂਚਾ ਹੋਵੇਗਾ। ਇਹ ਬਰੈਂਪਟਨ ਸਾਊਥ ਤੋਂ ਸਾਡੀ ਲਿਬਰਲ ਸਰਕਾਰ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਸੀ, ਜਿਸ ਨੇ ਬਿੱਲ ਸੀ-237 ਨੂੰ ਇੱਕ ਪ੍ਰਾਈਵੇਟ ਮੈਂਬਰ ਬਿੱਲ, ਡਾਇਬੀਟੀਜ਼ ਲਈ ਨੈਸ਼ਨਲ ਫਰੇਮਵਰਕ ਸਥਾਪਤ ਕਰਨ ਲਈ ਇੱਕ ਐਕਟ ਵਜੋਂ ਪੇਸ਼ ਕੀਤਾ ਸੀ। ਇਸ ਬਿੱਲ ਨੂੰ ਸਾਰੀਆਂ ਸਿਆਸੀ ਪਾਰਟੀਆਂ ਦਾ ਸਰਬਸੰਮਤੀ ਨਾਲ ਸਮਰਥਨ ਮਿਲਿਆ ਅਤੇ ਸੰਸਦ ਦੇ ਦੋਵਾਂ ਸਦਨਾਂ ਨੇ ਇਸ ਨੂੰ ਮਨਜ਼ੂਰੀ ਦਿੱਤੀ।

ਭਾਰਤੀ ਮੂਲ ਦੀ ਸੋਨੀਆ ਸਿੱਧੂ, 2015 ਵਿੱਚ ਬਰੈਂਪਟਨ ਸਾਊਥ ਲਈ ਸੰਸਦ ਮੈਂਬਰ (ਐਮਪੀ), ਡਾਇਬਟੀਜ਼ ਜਾਗਰੂਕਤਾ ਲਈ ਦਿਨ ਰਾਤ ਇਸ ਮੁਦੇ ਤੇ ਬਹੁਤ ਸਾਰੇ ਸਲਾਹਕਾਰਾਂ , ਡਾਕਟਰਾਂ ਅਤੇ ਹੋਰ ਰੀਸਰਚ ਸੈਂਟਰਾਂ ਨਾਲ ਮਿਲ ਕੇ ਇਸ ਬਿਲ ਤੇ ਕੰਮ ਕੀਤਾ ਅਤੇ ਇੱਥੇ ਕੈਨੇਡਾ ਵਿੱਚ #ਇਟਸਧਾਇਆਅਟਧਅਿਬਟਟਇਸ ਮੁਹਿੰਮ ਦੀ ਆਵਾਜ਼ ਬਣੇ ਤੇ ਆਖਿਰ ਸਭ ਦੀ ਸਰਵਸੰਮਤੀ ਨਾਲ ਇਹ ਬਿਲ ਕੈਨੇਡੀਅਨ ਦੀ ਸਿਹਤਯਾਬੀ ਲਈ ਪਾਸ ਕਰ ਦਿੱਤਾ ਗਿਆ।

ਸਿੱਧੂ ਦੇ ਬਿੱਲ ਸੀ-237 (ਜਿਸ ਨੂੰ ਡਾਇਬਟੀਜ਼ ਐਕਟ ਲਈ ਨੈਸ਼ਨਲ ਫਰੇਮਵਰਕ ਵੀ ਕਿਹਾ ਜਾਂਦਾ ਹੈ) ਦਾ ਉਦੇਸ਼ ਸ਼ੂਗਰ ਅਤੇ ਪ੍ਰੀ-ਡਾਇਬੀਟੀਜ਼ ਬਾਰੇ ਜਾਗਰੂਕਤਾ ਵਧਾਉਣਾ ਹੈ। ਇਹ ਸਿਹਤ ਸੰਭਾਲ ਪੇਸ਼ੇਵਰਾਂ ਅਤੇ ਹੋਰ ਪੇਸ਼ੇਵਰਾਂ ਨੂੰ ਸ਼ੂਗਰ ਦੇ ਇਲਾਜ ਅਤੇ ਰੋਕਥਾਮ ਲਈ ਮਾਰਗਦਰਸ਼ਨ ਵੀ ਕਰਦਾ ਹੈ।

ਇਸ ਬਿੱਲ ਲਈ ਹੁਣ ਸਿਹਤ ਮੰਤਰੀ ਨੂੰ ਸੂਬਾਈ ਸਿਹਤ ਵਿਭਾਗਾਂ ਦੇ ਪ੍ਰਤੀਨਿਧੀਆਂ ਅਤੇ ਹੋਰ ਹਿੱਸੇਦਾਰਾਂ ਨਾਲ ਮਿਲ ਕੇ ਸ਼ੂਗਰ ਦੀ ਰੋਕਥਾਮ, ਇਲਾਜ ਅਤੇ ਮੁੜ ਵਸੇਬੇ ਲਈ ਇੱਕ ਰਾਸ਼ਟਰੀ ਢਾਂਚਾ ਬਣਾਉਣ ਦੀ ਲੋੜ ਹੈ। ਇਹ ਇਸਦੀ ਰੋਕਥਾਮ ਅਤੇ ਇਲਾਜ ਵਿੱਚ ਸ਼ਾਮਲ ਸਿਹਤ ਸੰਭਾਲ ਪੇਸ਼ੇਵਰਾਂ ਦੀ ਸਿਖਲਾਈ, ਸਿੱਖਿਆ ਅਤੇ ਮਾਰਗਦਰਸ਼ਨ ਲੋੜਾਂ ਦੀ ਪਛਾਣ ਕਰਨ ਵਿੱਚ ਵੀ ਮਦਦ ਕਰੇਗਾ।

ਕੈਨੇਡਾ ਵਿੱਚ ਡਾਇਬੀਟੀਜ਼ ਦੀ ਬਹੁਤ ਜ਼ਿਆਦਾ ਘਟਨਾ ਹੈ, ਅਤੇ ਦੱਖਣੀ ਏਸ਼ੀਆਈ ਭਾਈਚਾਰੇ ਖਾਸ ਤੌਰ 'ਤੇ ਪ੍ਰਭਾਵਿਤ ਹਨ। ਡਾਇਬੀਟੀਜ਼ ਅਤੇ ਪ੍ਰੀਡਾਇਬੀਟੀਜ਼ 11 ਮਿਲੀਅਨ ਕੈਨੇਡੀਅਨਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਜੇ ਇਸਦਾ ਇਲਾਜ ਨਾ ਕੀਤਾ ਗਿਆ ਤਾਂ ਇਹ ਜਾਨਲੇਵਾ ਪੇਚੀਦਗੀਆਂ ਪੈਦਾ ਕਰ ਸਕਦੀ ਹੈ। ਬਰੈਂਪਟਨ ਵਿੱਚ, ਛੇ ਵਿੱਚੋਂ ਇੱਕ ਵਿਅਕਤੀ ਸ਼ੂਗਰ ਤੋਂ ਪ੍ਰਭਾਵਿਤ ਹੈ। ਦਰ ਵਧ ਰਹੀ ਹੈ, ਅਤੇ ਪੀਲ, ਜੋ ਕਿ ਦੱਖਣੀ ਏਸ਼ੀਆ ਦੀ ਵੱਡੀ ਆਬਾਦੀ ਦਾ ਘਰ ਹੈ, ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਹੈ। ਬਰੈਂਪਟਨ ਪੀਲ ਦਾ ਇੱਕ ਸ਼ਹਿਰ ਹੈ ਜਿਸ ਵਿੱਚ ਕੈਨੇਡਾ ਦੀ ਸਭ ਤੋਂ ਵੱਡੀ ਦੱਖਣੀ ਏਸ਼ੀਆਈ ਆਬਾਦੀ ਹੈ।

ਸਿੱਧੂ ਨੂੰ ਸਿਆਸਤ ਵਿੱਚ ਆਏ ਛੇ ਸਾਲ ਹੋ ਗਏ ਹਨ। ਉਸ ਕੋਲ ਹੈਲਥਕੇਅਰ ਵਿੱਚ 18 ਸਾਲਾਂ ਦਾ ਤਜਰਬਾ ਹੈ ਅਤੇ ਦੇਸ਼ ਦੀਆਂ ਸਿਹਤ ਦੇਖਭਾਲ ਦੀਆਂ ਲੋੜਾਂ ਨੂੰ ਸਮਝਦੇ ਹੋਏ ਰਾਜਨੀਤੀ ਵਿੱਚ ਦਾਖਲ ਹੋਈ।

"ਮੈਂ ਅਤੀਤ ਵਿੱਚ ਬਹੁਤ ਸਾਰੇ ਨਵੇਂ ਲੋਕਾਂ ਨੂੰ ਡਾਇਬੀਟੀਜ਼ ਵਾਲੇ ਦੇਖਿਆ ਹੈ। ਸਾਲਾਂ ਤੋਂ, ਦੱਖਣੀ ਏਸ਼ੀਆਈ ਕੈਨੇਡੀਅਨਾਂ ਵਿੱਚ ਸ਼ੂਗਰ ਵਧਦੀ ਜਾ ਰਹੀ ਹੈ।" ਉਹ ਕਹਿੰਦੀ ਹੈ ਕਿ ਦੱਖਣੀ ਏਸ਼ੀਆਈ ਕੈਨੇਡੀਅਨਾਂ ਨੂੰ ਸ਼ੂਗਰ ਦੇ ਪ੍ਰਬੰਧਨ ਲਈ ਬਿਹਤਰ ਸਹਾਇਤਾ ਅਤੇ ਦੇਖਭਾਲ ਦੀ ਲੋੜ ਹੈ।

ਸਾਰੇ ਸਮਾਜ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਫਸਟ ਨੇਸ਼ਨਜ਼ ਨੂੰ ਵੀ ਬਾਕੀ ਆਬਾਦੀ ਨਾਲੋਂ ਡਾਇਬਟੀਜ਼ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ, ਅਤੇ ਉਹਨਾਂ ਨੂੰ ਆਮ ਆਬਾਦੀ ਨਾਲੋਂ ਤਿੰਨ ਤੋਂ ਚਾਰ ਗੁਣਾ ਉਹਨਾਂ ਵਿਚ ਪਾਏ ਜਾਣ ਦੀ ਸੰਭਾਵਨਾ ਹੁੰਦੀ ਹੈ। ਬਰੈਂਪਟਨ ਦੀ ਐਮਪੀ ਦਾ ਕਹਿਣਾ ਹੈ ਕਿ ਉਸਨੇ ਡਾਇਬੀਟੀਜ਼ ਦੇ ਵਿਨਾਸ਼ਕਾਰੀ ਪ੍ਰਭਾਵਾਂ ਨੂੰ ਪਹਿਲਾਂ ਹੀ ਦੇਖਿਆ ਹੈ ਅਤੇ ਉਹ ਜਾਣਦੀ ਹੈ ਕਿ ਇਸ ਨੂੰ ਰੋਕਿਆ ਜਾ ਸਕਦਾ ਹੈ।




ਸਿੱਧੂ ਨੇ ਦੱਸਿਆ ਕਿ ਕੈਨੇਡਾ ਵਿੱਚ ਪਿਛਲੇ 20 ਸਾਲਾਂ ਵਿੱਚ ਨਿਦਾਨ ਕੇਸਾਂ ਦੀ ਗਿਣਤੀ ਦੁੱਗਣੀ ਹੋਈ ਹੈ। ਜਦੋਂ ਕਿ ਸ਼ੂਗਰ ਆਪਣੇ ਆਪ ਵਿੱਚ ਕਾਫ਼ੀ ਚੁਣੌਤੀਪੂਰਨ ਹੈ, ਇਹ ਹੋਰ ਗੰਭੀਰ ਪੇਚੀਦਗੀਆਂ ਦਾ ਕਾਰਨ ਵੀ ਬਣਦੀ ਹੈ। ਦਿਲ ਦੀ ਬਿਮਾਰੀ, ਗੁਰਦੇ ਦੀ ਬਿਮਾਰੀ ਜਾਂ ਅੰਗ ਕੱਟਣ ਵਾਲੇ ਮਰੀਜ਼ ਅਕਸਰ ਸ਼ੂਗਰ ਤੋਂ ਪੀੜਤ ਹੁੰਦੇ ਹਨ।

ਹਾਲਾਂਕਿ ਦੱਖਣੀ ਏਸ਼ੀਆਈ ਪ੍ਰਵਾਸੀ ਆਮ ਤੌਰ 'ਤੇ ਚੰਗੀ ਸਿਹਤ ਨਾਲ ਆਉਂਦੇ ਹਨ, ਪਰ ਉੱਤਰੀ ਅਮਰੀਕਾ ਵਿੱਚ ਵਸਣ ਤੋਂ ਬਾਅਦ ਉਨ੍ਹਾਂ ਨੂੰ ਜਲਦੀ ਹੀ ਸ਼ੂਗਰ ਹੋ ਜਾਂਦੀ ਹੈ। ਇਹ ਸਪੱਸ਼ਟ ਨਹੀਂ ਹੈ ਕਿ ਕੀ ਸੱਭਿਆਚਾਰਕ ਜਾਂ ਮਨੋ-ਸਮਾਜਿਕ ਕਾਰਕ ਇਸ ਘੱਟ ਗਿਣਤੀ ਨਸਲੀ ਸਮੂਹ ਵਿੱਚ ਸ਼ੂਗਰ ਦੇ ਜੋਖ਼ਮ ਵਿੱਚ ਯੋਗਦਾਨ ਪਾਉਂਦੇ ਹਨ।

ਡਾਇਬੀਟੀਜ਼ ਕੈਨੇਡਾ ਡਾਇਬੀਟੀਜ਼ ਦੇ ਵਿਰੁੱਧ ਲੜਾਈ ਦੀ ਅਗਵਾਈ ਕਰਦਾ ਹੈ ਅਤੇ ਡਾਇਬੀਟੀਜ਼ ਵਾਲੇ ਲੋਕਾਂ ਨੂੰ ਸਿਹਤਮੰਦ ਜੀਵਨ ਜਿਉਣ ਅਤੇ ਪੇਚੀਦਗੀਆਂ ਨੂੰ ਰੋਕਣ ਵਿੱਚ ਮਦਦ ਕਰਨ ਲਈ ਵਚਨਬੱਧ ਹੈ। ਨਸਲੀਤਾ ਸਮੇਤ ਬਹੁਤ ਸਾਰੇ ਕਾਰਕ, ਟਾਈਪ 2 ਡਾਇਬਟੀਜ਼ ਨਾਲ ਸਬੰਧਿਤ ਹੋ ਸਕਦੇ ਹਨ, ਅਤੇ ਉੱਚ ਜੋਖਮ ਵਾਲੇ ਸਮੂਹਾਂ ਵਿੱਚ ਅਫ਼ਰੀਕੀ, ਕੈਰੇਬੀਅਨ ਅਤੇ ਕਾਲੇ ਭਾਈਚਾਰਿਆਂ ਦੇ ਲੋਕ ਅਤੇ ਦੱਖਣ-ਪੂਰਬੀ ਏਸ਼ੀਆਈ, ਦੱਖਣੀ ਏਸ਼ੀਆਈ, ਜਾਂ ਦੱਖਣ-ਪੂਰਬੀ ਏਸ਼ੀਆਈ ਲੋਕ ਸ਼ਾਮਲ ਹਨ। ਅੱਜ, ਕੈਨੇਡਾ ਦੀ ਲਗਭਗ 20% ਆਬਾਦੀ ਉੱਚ-ਜੋਖਮ ਵਾਲੀ ਹੈ। ਪਿਛਲੇ ਦਹਾਕੇ ਵਿੱਚ ਇਸ ਬਿਮਾਰੀ ਨਾਲ ਪੀੜਤ ਲੋਕਾਂ ਦੀਆਂ ਘਟਨਾਵਾਂ ਵਿੱਚ 100% ਵਾਧਾ ਹੋਇਆ ਹੈ।

ਦੱਖਣੀ ਏਸ਼ੀਆਈ ਪ੍ਰਵਾਸੀਆਂ ਨੂੰ ਡਾਇਬੀਟੀਜ਼ ਹੋਣ ਦਾ ਜ਼ਿਆਦਾ ਖ਼ਤਰਾ ਹੈ। ਦੱਖਣੀ ਏਸ਼ੀਆਈਆਂ 'ਤੇ ਪਿਛਲੀਆਂ ਜ਼ਿਆਦਾਤਰ ਖੋਜਾਂ ਨੇ ਪੂਰੇ ਸਮੂਹ 'ਤੇ ਧਿਆਨ ਕੇਂਦਰਿਤ ਕੀਤਾ ਹੈ।

ਇੱਥੇ 431,765 ਦੱਖਣੀ ਏਸ਼ੀਆਈ ਪ੍ਰਵਾਸੀ ਸਨ ਜੋ ਪਹਿਲੀ ਪੀੜ੍ਹੀ ਤੋਂ ਆਏ ਸਨ। ਇਹਨਾਂ ਵਿੱਚੋਂ 68,440 ਨੂੰ ਸ਼ੂਗਰ ਸੀ। ਆਮਦਨ, ਉਮਰ, ਲਿੰਗ ਅਤੇ ਲਿੰਗ ਦੇ ਮਾਨਕੀਕਰਨ ਤੋਂ ਪਤਾ ਲੱਗਾ ਹੈ ਕਿ ਸ਼੍ਰੀਲੰਕਾ ਦੇ ਦੱਖਣੀ ਏਸ਼ੀਆਈ ਲੋਕਾਂ ਵਿੱਚ ਸਭ ਤੋਂ ਵੱਧ ਡਾਇਬੀਟੀਜ਼ (26.8%), ਬੰਗਲਾਦੇਸ਼ (22.2%) ਅਤੇ ਪਾਕਿਸਤਾਨ (19.6%), ਭਾਰਤ (18.3%), ਨੇਪਾਲ (16.5%) ਹਨ। %), ਅਤੇ ਗੈਰ-ਪ੍ਰਵਾਸੀਆਂ ਲਈ 11.6%।

ਦੱਖਣੀ ਏਸ਼ੀਆ ਦੇ ਹਰੇਕ ਦੇਸ਼ ਵਿੱਚ, ਔਰਤਾਂ ਅਤੇ ਮਰਦਾਂ ਵਿੱਚ ਸ਼ੂਗਰ ਦੇ ਪ੍ਰਚਲਨ ਵਿੱਚ ਵਾਧਾ ਹੋਇਆ ਹੈ।

ਮਾਹਿਰਾਂ ਦਾ ਦਾਅਵਾ ਹੈ ਕਿ ਦੱਖਣੀ ਏਸ਼ੀਅਨਾਂ ਨੂੰ ਕਨੇਡਾ ਵਿੱਚ ਹੋਰ ਨਸਲਾਂ/ਜਾਤੀਆਂ ਨਾਲੋਂ ਮਾਇਓਕ-ਾਰਡਿਅਲ ਸੱਟ ਅਤੇ ਕਾਰਡੀਓਵੈਸਕੁਲਰ ਬਿਮਾਰੀ ਤੋਂ ਉੱਚ ਮੌਤ ਦਰ ਲਈ ਵਧੇਰੇ ਜ਼ੋਖ਼ਮ ਹੁੰਦਾ ਹੈ। ਮਾਹਰ ਮੰਨਦੇ ਹਨ ਕਿ ਭਾਵੇਂ ਭਾਰਤੀ ਕੈਨੇਡੀਅਨਾਂ ਨੂੰ ਦਿਲ ਦੇ ਦੌਰੇ ਜਾਂ ਦਿਲ ਦੀਆਂ ਹੋਰ ਗੰਭੀਰ ਸਥਿਤੀਆਂ ਲਈ ਖਤਰਾ ਨਹੀਂ ਮੰਨਿਆ ਜਾਂਦਾ ਹੈ, ਪਰ ਉਹਨਾਂ ਨੂੰ ਦਿਲ ਦੀ ਬਿਮਾਰੀ ਹੋਣ ਅਤੇ ਹੋਰ ਨਸਲੀ ਸਮੂਹਾਂ ਨਾਲੋਂ ਜਲਦੀ ਮਰਨ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

ਜੈਨੇਟਿਕ ਸੁਭਾਅ ਦਾ ਅਸਲ ਵਿੱਚ ਮਤਲਬ ਹੈ ਕਿ ਭਾਰਤੀ, ਅਫਰੀਕੀ ਅਤੇ ਮੂਲ ਅਮਰੀਕਨ ਸਾਰਿਆਂ ਕੋਲ ਅਜਿਹੇ ਜੀਨ ਹਨ ਜੋ ਵਧੇਰੇ ਚਰਬੀ ਨੂੰ ਸਟੋਰ ਕਰਦੇ ਹਨ। ਇਸ ਲਈ, ਭਾਵੇਂ ਕਿਸੇ ਭਾਰਤੀ ਕੋਲ ਕਾਕੇਸ਼ੀਅਨ ਵਰਗੀ ਖੁਰਾਕ ਹੁੰਦੀ ਹੈ, ਇਹ ਸੰਭਾਵਨਾ ਹੈ ਕਿ ਭਾਰਤੀ ਕਾਕੇਸ਼ੀਅਨ ਨਾਲੋਂ ਜ਼ਿਆਦਾ ਭਾਰ ਵਾਲਾ ਹੋਵੇਗਾ।

ਭਾਰਤੀ ਬਹੁਤ ਸਾਰੇ ਕਾਰਬੋਹਾਈਡਰੇਟ ਖਾਂਦੇ ਹਨ, ਅਤੇ ਭਾਰਤੀ ਆਮ ਤੌਰ 'ਤੇ ਰੋਜ਼ਾਨਾ ਫਲੈਟ ਬਰੈੱਡ ਜਾਂ ਚਿੱਟੇ ਚੌਲ ਖਾਂਦੇ ਹਨ। ਚਿੱਟੇ ਚੌਲ ਭੂਰੇ ਚੌਲਾਂ ਨਾਲੋਂ ਘੱਟ ਸਿਹਤਮੰਦ ਹਨ, ਪਰ ਇਹ ਘੱਟ ਮਹਿੰਗੇ ਵੀ ਹਨ। ਸਮੱਸਿਆ ਇਹ ਹੈ ਕਿ ਭਾਰਤੀ ਇਸ ਤੱਥ ਤੋਂ ਜਾਣੂ ਨਹੀਂ ਹਨ।

ਰਵਾਇਤੀ ਤੌਰ 'ਤੇ, ਦੱਖਣੀ ਏਸ਼ੀਆਈ ਲੋਕਾਂ ਨੂੰ ਉੱਚ ਸ਼ੁੱਧ ਕਾਰਬੋਹਾਈਡਰੇਟ ਅਤੇ ਸ਼ੂਗਰ ਦੇ ਪੱਧਰਾਂ, ਜਿਵੇਂ ਕਿ ਮਿਠਾਈਆਂ ਅਤੇ ਸਮੋਸੇ ਵਾਲੇ ਤੇਲ ਵਾਲੇ ਭੋਜਨਾਂ ਲਈ ਉਨ੍ਹਾਂ ਦੀ ਤਰਜੀਹ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਹਾਲਾਂਕਿ, ਮਾਹਰਾਂ ਦਾ ਮੰਨਣਾ ਹੈ ਕਿ ਇਹ ਦੱਖਣੀ ਏਸ਼ੀਆਈ ਲੋਕਾਂ ਵਿੱਚ ਦਿਲ ਦੀ ਬਿਮਾਰੀ ਦੀ ਉੱਚ ਦਰ ਦੀ ਵਿਆਖਿਆ ਕਰਨ ਲਈ ਕਾਫ਼ੀ ਨਹੀਂ ਹੈ।

ਜਿਊਰੀ ਅਜੇ ਵੀ ਇਸ ਗੱਲ ਤੋਂ ਬਾਹਰ ਹੈ ਕਿ ਅਜਿਹੀਆਂ ਸਥਿਤੀਆਂ ਲਿੰਗਾਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ।

ਆਉ ਔਰਤਾਂ ਨਾਲ ਸ਼ੁਰੂ ਕਰੀਏ. ਬਹੁਤ ਸਾਰੀਆਂ ਔਰਤਾਂ ਪਤਲੀਆਂ ਹੁੰਦੀਆਂ ਹਨ, ਪਰ ਪਤਲਾ ਹੋਣਾ (ਕੁਪੋਸ਼ਣ ਵਾਲਾ) ਫਿੱਟ ਹੋਣ ਵਰਗਾ ਨਹੀਂ ਹੈ। ਉਨ੍ਹਾਂ ਕੋਲ ਕਸਰਤ ਕਰਨ ਦੀ ਰੁਟੀਨ ਨਹੀਂ ਹੈ, ਅਤੇ ਉਹ ਮੰਨਦੇ ਹਨ ਕਿ ਕਸਰਤ ਲਈ ਘਰੇਲੂ ਕੰਮ ਕਾਫ਼ੀ ਹਨ ਅਤੇ ਜ਼ਿਆਦਾ ਭਾਰ ਹੋਣਾ ਸਿਹਤਮੰਦ ਹੋਣ ਦੀ ਨਿਸ਼ਾਨੀ ਹੈ।

ਕੁਦਰਤੀ ਤੌਰ 'ਤੇ, ਸਾਡੇ ਭੋਜਨ ਵਿੱਚ ਉੱਚ ਗਲਾਈਸੈਮਿਕ ਪੱਧਰ ਹੁੰਦਾ ਹੈ (ਬਹੁਤ ਸਾਰੀਆਂ ਰੋਟੀਆਂ /ਚਾਵਲ), ਅਤੇ ਅਸੀਂ ਇਸ ਵਿੱਚ ਘਿਓ, ਮੱਖਣ ਅਤੇ ਤੇਲ ਪਾਉਂਦੇ ਹਾਂ। ਪਿੰਡਾਂ ਦੀਆਂ ਬਜ਼ੁਰਗ ਔਰਤਾਂ ਅਕਸਰ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਆਪਣੀਆਂ ਗਰਭਵਤੀ ਧੀਆਂ ਅਤੇ ਨੂੰਹ ਨੂੰ ਪਿਘਲੇ ਹੋਏ ਮੱਖਣ ਦੇ ਕੌਲੇ ਪੀਣ ਨੂੰ ਦੇ ਦਿੰਦੇ ਹਨ। ਬਜ਼ੁਰਗਾਂ ਦੁਆਰਾ "ਨਿਰਧਾਰਤ" ਖੁਰਾਕ ਜ਼ਿਆਦਾਤਰ ਘਿਓ ਹੈ। ਜਣੇਪੇ ਤੋਂ ਬਾਅਦ ਔਰਤਾਂ ਦਾ ਭਾਰ ਵਧ ਜਾਂਦਾ ਹੈ ਪਰ ਫਿਰ ਕਦੇ ਵੀ ਘੱਟ ਨਹੀਂ ਹੁੰਦਾ। ਉਹ ਕਿਸੇ ਵੀ ਮਾਸਪੇਸ਼ੀ ਟੋਨ ਨੂੰ ਗੁਆ ਦਿੰਦੇ ਹਨ ਤੇ ਇਹ ਪੇਟ ਨੂੰ ਗੰਢ ਪਾ ਲੈਂਦਾ ਹੈ ਤੇ ਪਤਲਾ, ਭਾਰ ਘੱਟ ਹੋਣ ਦਾ ਨਾਂ ਨਹੀਂ ਲੈਂਦਾ। "ਅੰਬ ਨਾ ਖਾਓ; ਤੁਹਾਡਾ ਗਰਭਪਾਤ ਹੋ ਜਾਵੇਗਾ," ਇਕ ਹੋਰ ਸਾਵਧਾਨੀ ਹੈ। ਇਹੀ ਵਿਚਾਰ ਕੈਨੇਡਾ ਵਿਚ ਭਾਰਤੀ ਔਰਤਾਂ ਨੇ ਲਿਆਂਦੇ ਹਨ ਜੋ ਸਾਰਾ ਦਿਨ ਸਫ਼ਾਈ ਅਤੇ ਮੋਪਿੰਗ ਦਾ ਕੰਮ ਕਰਦੀਆਂ ਹਨ। ਇੱਥੇ ਕੈਨੇਡਾ ਵਿਚ ਕੁਝ ਘੰਟਿਆਂ ਵਿਚ ਔਰਤਾਂ ਕੰਮ ਕਾਰ ਸੰਭਾਲ ਕੇ ਟੀਵੀ ਦੇ ਸਾਹਮਣੇ ਘੰਟਿਆਂ ਬੱਧੀ ਬੈਠ ਕੇ ਸ਼ੋਅ ਵੇਖਣ ਲਗ ਜਾਂਦੀਆਂ ਹਨ ਖਾਣਾ ਕਦੇ ਵੀ ਹਜ਼ਮ ਨਹੀਂ ਹੁੰਦਾ।

ਔਰਤਾਂ ਇਹ ਵੀ ਸੋਚਦੀਆਂ ਹਨ ਕਿ ਜਿੰਮ ਮਾੜੇ ਮੁੰਡਿਆਂ ਲਈ ਹਨ, ਉਹ ਆਪਣੇ ਮਸਲ ਦਿਖਾਉਣ ਲਈ ਜਿਮ ਜਾਂਦੇ ਹਨ।

ਜਦੋਂ ਅਸੀਂ ਉਨ੍ਹਾਂ ਬਾਰੇ ਗੱਲ ਕਰ ਰਹੇ ਹਾਂ, ਤਾਂ ਪੁਰਸ਼ ਕੇਵਲ ਉਦੋਂ ਤੱਕ ਖੇਡਾਂ ਵਿੱਚ ਸ਼ਾਮਲ ਹੋਣਗੇ ਜਦੋਂ ਤੱਕ ਉਹ ਯੂਨੀਵਰਸਿਟੀ ਤੋਂ ਗ੍ਰੈਜੂਏਟ ਨਹੀਂ ਹੁੰਦੇ। ਜ਼ਿਆਦਾਤਰ ਲੋਕ ਕ੍ਰਿਕੇਟ ਨੂੰ ਆਪਣੀ ਪ੍ਰਾਇਮਰੀ ਖੇਡ ਦੇ ਤੌਰ 'ਤੇ ਚੁਣਦੇ ਹਨ, ਹਾਲਾਂਕਿ ਇਹ ਕਈ ਹੋਰ ਖੇਡਾਂ ਨਾਲੋਂ ਘੱਟ ਤੀਬਰ ਹੈ। ਪਰਿਵਰਤਨ ਅਤੇ ਉਤਸ਼ਾਹ ਲਈ ਸਹੂਲਤਾਂ ਦੀ ਘਾਟ ਕਾਰਨ ਔਰਤਾਂ ਮਰਦਾਂ ਦੇ ਮੁਕਾਬਲੇ ਖੇਡਾਂ ਵਿੱਚ ਘੱਟ ਹਿੱਸਾ ਲੈਂਦੀਆਂ ਹਨ।

ਕੈਨੇਡੀਅਨ ਭਾਰਤੀ ਕੰਮ ਕਰਨਾ ਸ਼ੁਰੂ ਕਰ ਰਹੇ ਹਨ, ਖੇਡਾਂ ਦੇ ਵਿਚਾਰਾਂ ਨੂੰ ਪਿੱਛੇ ਛੱਡ ਦਿੰਦੇ ਹਨ। ਵਰਕ ਕਲਚਰ ਲਈ ਲੰਬੇ ਸਮੇਂ ਦੀ ਲੋੜ ਹੁੰਦੀ ਹੈ, ਜਿਸ ਨਾਲ ਕਸਰਤ ਅਤੇ ਖੇਡਾਂ ਲਈ ਬਹੁਤ ਘੱਟ ਸਮਾਂ ਬਚਦਾ ਹੈ। ਇਹ ਲੋਕਾਂ ਨੂੰ ਦੇਰ ਨਾਲ ਖਾਣ ਅਤੇ ਫਿਰ ਜਲਦੀ ਸੌਣ ਦੀ ਆਗਿਆ ਦੇ ਕੇ ਭਾਰ ਵਧਣ ਨੂੰ ਉਤਸ਼ਾਹਿਤ ਕਰਦਾ ਹੈ। ਇਹ ਸ਼ਹਿਰਾਂ ਵਿੱਚ ਰੈਸਟੋਰੈਂਟ ਵਰਕਰਾਂ, ਫੈਕਟਰੀ ਵਰਕਰਾਂ ਅਤੇ ਘਰੇਲੂ ਕਾਮਿਆਂ ਗੱਲ ਸਹੀ ਸਾਬਿਤ ਹੁੰਦੀ ਹੈ।

ਜਿਵੇਂ ਕਿ ਅਸੀਂ ਦੁਨੀਆ ਭਰ ਵਿੱਚ ਨਵੰਬਰ ਨੂੰ ਡਾਇਬੀਟੀਜ਼ ਜਾਗਰੂਕਤਾ ਮਹੀਨੇ ਵਜੋਂ ਮਨਾ ਰਹੇ ਹਾਂ, ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਇਹ ਸਾਲ ਇੱਕ ਮਹੱਤਵਪੂਰਨ ਮੀਲ ਪੱਥਰ ਹੈ, ਕਿਉਂਕਿ ਇਹ ਜੀਵਨ ਬਚਾਉਣ ਅਤੇ ਇਨਸੁਲਿਨ ਦੀ ਕ੍ਰਾਂਤੀਕਾਰੀ ਖੋਜ ਦੀ 100ਵੀਂ ਵਰ੍ਹੇਗੰਢ ਨੂੰ ਦਰਸਾਉਂਦਾ ਹੈ।

ਆਉ ਬਰੈਂਪਟਨ ਸਾਊਥ ਬਰੈਂਪਟਨ ਦੀ ਐਮਪੀ ਸੋਨੀਆ ਸਿੱਧੂ ਦਾ ਧੰਨਵਾਦ ਕਰਦੇ ਹਾਂ ਕਿ ਉਹ ਆਪਣੇ ਕੈਨੇਡੀਅਨਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਅਣਥੱਕ ਕੰਮ ਕਰਦੇ ਰਹਿਣ ਜਿਸ ਨਾਲ ਕੈਨੇਡੀਅਨ ਲੋਕ ਸਿਹਤਮੰਦ ਅਤੇ ਆਪਣੇ ਪਰਿਵਾਰਾਂ ਨਾਲ ਖੁਸ਼ ਰਹਿਣ ਦੇ ਨਾਲ - ਨਾਲ ਕੈਨੇਡਾ ਨੂੰ ਇਕ ਵਿਸ਼ਾਲ ਤੇ ਕਾਮਯਾਬ ਦੇਸ਼ ਬਣਾਉਣ ਵਿਚ ਯੋਗਦਾਨ ਪਾਉਂਦੇ ਰਹਿਣ।

## ਸੱਭਿਅਤਾਵਾਂ ਦੀ ਲੜਾਈ ਵਿੱਚ ਭਾਰਤ ਕਿੱਥੇ ਖੜੈ!

-ਮਨੀਸ਼ ਤਿਵਾੜੀ-

ਅਮਰੀਕਾ ਵਿੱਚ 9/11 ਦੇ ਹਮਲੇ ਤੇ ਉਸ ਪਿੱਛੋਂ ਆਪਰੇਸ਼ਨ ਐਂਡਿਊਰਿੰਗ ਫਰੀਡਮ ਲਈ ਅਫਗਾਨਿਸਤਾਨ ਤੋਂ ਭੱਜਣ ਲਈ ਮਜਬੂਰ ਕਰਨ ਦੇ ਦੋ ਦਹਾਕੇ ਬਾਅਦ ਤਾਲਿਬਾਨ ਦੇ ਉਭਾਰ ਨੇ ਇੱਕ ਵਾਰ ਫਿਰ ਸੈਮੂਅਲ ਹੰਟਿਗਟਨ ਦੇ ਸਭਿਆਤਾਵਾਂ ਦੇ ਟਕਰਾਅ ਅਤੇ ਵਿਸ਼ਵ ਵਿਵਸਥਾ ਨੂੰ ਮੁੜ ਤੋਂ ਬਣਾਉਣ ਦੇ ਸਿਧਾਂਤ ਵੱਲ ਧਿਆਨ ਖਿੱਚਿਆ ਹੈ। ਇਹ ਦੱਸਦੇ ਹੋਏ ਕਿ ਸਭਿਅਤਾਵਾਂ ਦਾ ਟਕਰਾਅ ਕਿਉਂ ਹੋਵੇਗਾ, ਉਨ੍ਹਾਂ ਨੇ 1993 ਦੀਆਂ ਗਰਮੀਆਂ ਵਿੱਚ ਰਾਏ ਦਿੱਤੀ ਸੀ ਕਿ ਭਵਿੱਖ ਵਿੱਚ ਸਭਿਅਤਾ ਦੀ ਪਛਾਣ ਬਹੁਤ ਮਹੱਤਵ ਪੂਰਨ ਹੋਵੇਗੀ ਤੇ ਸੱਤ ਜਾਂ ਅੱਠ ਪ੍ਰਮੁੱਖ ਸਭਿਅਤਾਵਾਂ ਵਿਚਾਲੇ ਅੰਤਰ ਵਿਹਾਰ ਨਾਲ ਵਿਸ਼ਵ ਕਾਫੀ ਹੱਦ ਤੱਕ ਸ਼ਕਲ ਪ੍ਰਾਪਤ ਕਰੇਗਾ। ਇਨ੍ਹਾਂ ਸਭਿਅਤਾਵਾਂ ਵਿੱਚ ਪੱਛਮੀ, ਕਨਫਿਊਸ਼ੀਅਨ, ਜਾਪਾਨੀ, ਇਸਲਾਮਕ, ਹਿੰਦੂ, ਸਲਾਵਿਕ-ਆਰਥੋਡਾਕਸ, ਲਾਤੀਨੀ ਅਮਰੀਕੀ ਤੇ ਸੰਭਵ ਤੌਰ ਉੱਤੇ ਅਫਰੀਕੀ ਸੱਭਿਅਤਾ ਸ਼ਾਮਲ ਹਨ। ਭਵਿੱਖ ਵਿੱਚ ਸਭ ਤੋਂ ਮਹੱਤਵ ਪੂਰਨ ਸੰਘਰਸ਼ ਸਭਿਆਚਾਰਕ ਫਾਲਟ ਲਾਈਨਜ਼ ਦੇ ਨਾਲ ਹੋਣਗੇ, ਜੋ ਇਨ੍ਹਾਂ ਸਭਿਅਤਾਵਾਂ ਨੂੰ ਇੱਕ ਦੂਸਰੇ ਤੋਂ ਅਲੱਗ ਕਰਨਗੇ।

ਇਸਲਾਮਕ ਅਤੇ ਐਂਗਲੋ ਸੈਕਸ਼ਨ ਵਿਚਾਲੇ ਫਾਲਟ ਲਾਈਨਸ ਦਾ ਵੇਰਵਾ ਦਿੰਦੇ ਹੋਏ ਉਨ੍ਹਾਂ ਲਿਖਿਆ ਕਿ ਪੱਛਮੀ ਤੇ ਇਸਲਾਮਕ ਸਭਿਅਤਾਵਾਂ ਦਾ ਸੰਘਰਸ਼ 1300 ਸਾਲਾਂ ਤੋਂ ਜਾਰੀ ਹੈ। ਇਸਲਾਮ ਦੇ ਉਭਾਰਤ ਪਿੱਛੋਂ ਅਰਬ ਅਤੇ ਮੁਰਿਸ਼ ਪੱਛਮ ਅਤੇ ਉੱਤਰ ਵੱਲ ਗਏ ਤੇ ਉਨ੍ਹਾਂ ਦੇ ਦੌਰੇ 732 ਵਿੱਚ ਖਤਮ ਹੋਏ। 11ਵੀਂ ਤੋਂ 13ਵੀਂ ਸ਼ਤਾਬਦੀ ਤੋਂ ਧਰਮ ਯੋਧਿਆਂ ਨੇ ਪਵਿੱਤਰ ਧਰਤੀ ਉੱਤੇ ਇਸਾਈਅਤ ਅਤੇ ਇਸਾਈ ਸ਼ਾਸਨ ਲਿਆਉਣ ਦੀਆਂ ਕੋਸ਼ਿਸ਼ਾਂ ਵਿੱਚ ਆਰਜ਼ੀ ਸਫਲਤਾ ਹਾਸਲ ਕੀਤੀ। 14ਵੀਂ ਤੋਂ 17ਵੀਂ ਸ਼ਤਾਬਦੀ ਤੱਕ ਆਟੋਮਨ ਤੁਰਕਾਂ ਨੇ ਸੰਤੁਲਨ ਨੂੰ ਪਲਟ ਕੇ ਮੱਧ ਪੂਰਬ ਅਤੇ ਬਾਲਕਨਸ ਤੱਕ ਆਪਣਾ ਪ੍ਰਭਾਵ ਵਧਾਇਆ। ਕੋਸਤਿਨਤਿਨਾਪੋਲ ਉੱਤੇ ਕਬਜ਼ਾ ਕਰ ਲਿਆ ਅਤੇ ਦੋ ਵਾਰ ਵਿਆਨਾ ਉੱਤੇ ਆਪਣਾ ਕਬਜ਼ਾ ਬਣਾਇਆ। 19ਵੀਂ ਅਤੇ 20ਵੀਂ ਸ਼ਤਾਬਦੀ ਦੇ ਸ਼ੁਰੂ ਵਿੱਚ ਜਦੋਂ ਆਟੋਮਨ ਦੀ ਤਾਕਤ ਘਟ ਰਹੀ ਸੀ ਤਾਂ ਬ੍ਰਿਟੇਨ, ਫਰਾਂਸ ਤੇ ਇਟਲੀ ਨੇ ਵਧੇਰੇ ਉੱਤਰੀ ਅਫਰੀਕਾ ਅਤੇ ਮੱਧ ਪੂਰਬ ਉੱਤੇ ਪੱਛਮੀ ਕੰਟਰੋਲ ਕੀਤਾ। ਦੂਜੀ ਸੰਸਾਰ ਜੰਗ ਦੇ ਬਾਅਦ ਬਦਲੇ ਵਿੱਚ ਪੱਛਮ ਵਿੱਚ ਪਰਤਣਾ ਸ਼ੁਰੂ ਕੀਤਾ ਤੇ ਬਸਤੀਵਾਦੀ ਸਾਮਰਾਜ ਗਾਇਬ ਹੋ ਗਿਆ। ਪਹਿਲਾਂ ਅਰਬ ਦੇਸ਼ ਅਤੇ ਫਿਰ ਇਸਲਾਮਕ ਕੱਟੜਵਾਦ ਨੇ ਖੁਦ ਨੂੰ ਮਜ਼ਬੂਤ ਕੀਤਾ, ਆਪਣੀ ਊਰਜਾ ਲਈ ਪੱਛਮ ਬਹੁਤ ਜ਼ਿਆਦਾ ਫਾਰਸ ਦੀ ਖਾੜੀ ਦੇ ਦੇਸ਼ਾਂ ਉੱਤੇ ਨਿਰਭਰ ਹੋ ਗਿਆ, ਤੇਲ ਦੀ ਬਹੁਤਾਤ ਵਾਲੇ ਮੁਸਲਿਮ ਦੇਸ਼ ਬਹੁਤ ਜ਼ਿਆਦਾ ਅਮੀਰ ਬਣ ਗਏ ਅਤੇ ਜਦੋਂ ਵੀ ਉਨ੍ਹਾਂ ਨੇ ਚਾਹਿਆ, ਹਥਿਆਰਾਂ ਦੇ ਮਾਮਲੇ ਵਿੱਚ ਸੰਪੰਨਤਾ ਹਾਸਲ ਕੀਤੀ। ਅਰਬਾਂ ਤੇ ਇਸਰਾਈਲ (ਜਿਸ ਦਾ ਨਿਰਮਾਣ ਪੱਛਮ ਨੇ ਕੀਤਾ ਸੀ) ਦੇ ਦਰਮਿਆਨ ਕਈ ਜੰਗਾਂ ਹੋਈਆਂ।

ਫਰਾਂਸ ਨੇ ਅਲਜੀਰੀਆ ਵਿੱਚ 1950 ਦੇ ਦਹਾਕੇ ਦੇ ਵਧੇਰੇ ਸਮੇਂ ਨਿਰਦਈ ਤੇ ਲਹੂ ਡੋਲ੍ਹਵੀਂ ਜੰਗ ਲੜੀ, ਬ੍ਰਿਟਿਸ਼ ਤੇ ਫਰਾਂਸੀਸੀ ਫੌਜਾਂ ਨੇ 1956 ਵਿੱਚ ਮਿਸਰ ਉੱਤੇ ਧਾਵਾ ਬੋਲਿਆ, ਅਮਰੀਕੀ ਫੌਜਾਂ ਨੇ 1958 ਵਿੱਚ ਲਿਬ-ਨਾਨ ਗਈਆਂ, ਲਿਬੀਆ ਉੱਤੇ ਹਮਲਾ ਕੀਤਾ ਅਤੇ ਈਰਾਨ ਕਈ ਫੌਜੀ ਸੰਘਰਸ਼ਾਂ ਵਿੱਚ ਸ਼ਾਮਲ ਰਿਹਾ। ਘੱਟ ਤੋਂ ਘੱਟ ਤਿੰਨ ਮੱਧ ਪੂਰਬੀ ਸਰਕਾਰਾਂ ਵੱਲੋਂ ਸਮਰਥਿਤ ਅਰਬ ਅਤੇ ਇਸਲਾਮਾਕ ਅੱਤਵਾਦੀਆਂ ਨੇ ਹਥਿਆਰ ਇਕੱਠੇ ਕੀਤੇ ਅਤੇ ਪੱਛਮੀ ਜਹਾਜ਼ਾਂ ਤੇ ਸੰਸਥਾਨਾਂ ਉੱਤੇ ਬੰਬ ਸੁੱਟੇ ਅਤੇ ਪੱਛਮੀ ਬੰਧਕਾਂ ਨੂੰ ਕਬਜ਼ੇ ਵਿੱਚ ਲੈ ਲਿਆ। ਅਰਬਾਂ ਤੇ ਪੱਛਮ ਵਿਚਾਲੇ ਇਹ ਜੰਗ 1990 ਵਿੱਚ ਓਦੋਂ ਤੇਜ਼ ਹੋ ਗਈ ਜਦੋਂ ਅਮਰੀਕਾ ਨੇ ਕੁਝ ਅਰਬ ਦੇਸ਼ਾਂ ਨੂੰ ਦੂਸਰਿਆਂ ਤੋਂ ਬਚਾਉਣ ਲਈ ਫਾਰਸ ਦੀ ਖਾੜੀ ਵਿੱਚ ਭਾਰੀ ਫੌਜ ਭੇਜੀ। ਪੱਛਮ ਅਤੇ ਇਸਲਾਮ ਵਿਚਾਲੇ ਸਦੀਆਂ ਪੁਰਾਣੇ ਫੌਜੀ ਸੰਘਰਸ਼ ਦੇ ਖਤਮ ਹੋਣ ਦੀ ਸੰਭਾਵਨਾ ਨਹੀਂ। ਇਹ ਹੋਰ ਵੀ ਵੱਧ ਤੇਜ਼ ਹੋ ਸਕਦਾ ਹੈ। ਹੈਂਟਿੰਗਟਨ ਨੂੰ ਜਿਵੇਂ ਪਹਿਲਾਂ ਹੀ ਪਤਾ ਸੀ।

ਇਸ ਦੇ ਬਾਅਦ 9/11 ਹੋਇਆ ਤੇ ਅੱਤਵਾਦ ਉੱਤੇ ਜੰਗ ਸ਼ੁਰੂ ਹੋ ਗਈ। ਪਹਿਲਾਂ 2001 ਵਿੱਚ ਅਫਗਾਨਿਸਤਾਨ ਨੂੰ ਉਧੇੜਿਆ ਗਿਆ, ਫਿਰ 2003 ਵਿੱਚ ਇਰਾਕ ਨੂੰ। ਇਸ ਰੀਡਿਜ਼ਾਈਨਿੰਗ ਦੇ ਯਤਨਾਂ ਦੇ ਨਤੀਜੇ ਵਜੋਂ ਸ਼ੀਆ ਕ੍ਰੀਸੈਂਟ ਦਾ ਨਿਰਮਾਣ ਹੋਇਆ ਜਿਸ ਨੇ ਈਰਾਨ ਦੀ ਪਹੁੰਚ ਤੇ ਪ੍ਰਭਾਵ ਨੂੰ ਇੱਕ ਵੀ ਗੋਲੀ ਦਾਗੇ ਬਿਨਾਂ ਸਾਰੇ ਖੇਤਰ ਵਿੱਚ ਫੈਲਾਅ ਦਿੱਤਾ। ਸ਼ੀਆ ਕ੍ਰੀਸੈਂਟ ਉਸ ਖੇਤਰ ਨੂੰ ਕਹਿੰਦੇ ਹਨ, ਜਿਸ ਵਿੱਚ ਲਿਬਨਾਨ, ਸੀਰੀਆ, ਇਰਾਕ ਅਤੇ ਯਮਨ ਸ਼ਾਮਲ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਸ਼ੀਆ ਆਬਾਦੀ ਹੈ ਜਿਸ ਦਾ ਕੇਂਦਰ ਈਰਾਨ ਹੈ। ਇਸ ਦੇ ਕੰਟਰੋਲ ਵਿੱਚ ਹਿਜਬੁੱਲਾ, ਹਮਾਸ, ਹਾਊਦੀ ਅਤੇ ਦੱਖਣੀ ਇਰਾਕੀ ਮਿਲੀਸ਼ੀਆ ਵਰਗੇ ਅੱਤਵਾਦੀ ਗਰੁੱਪ ਹਨ। ਇਸ ਨੇ ਈਰਾਨ ਦੀ ਮੱਧ ਪੂਰਬ ਤੇ ਇਸ ਦੇ ਸਰਹੱਦੀ ਰਣਨੀਤਕ ਹਿੱਤਾਂ ਤੋਂ ਪਾਰ ਜ਼ਾਬਤਾ ਪੂਰਵਕ ਸੰਚਾਲਨ ਕਰਨ ਵਿੱਚ ਮਦਦ ਕੀਤੀ।

ਅਮਰੀਕਾ ਨੇ ਸ਼ੀਆ ਕ੍ਰੀਸੈਂਟ ਦੇ ਨਾਲ-ਨਾਲ ਸ਼ੀ ਜਿਨਪਿੰਗ ਦੇ ਚੀਨ ਦੀ ਆਪਣੀ ਰਾਸ਼ਟਰੀ ਸੁਰੱਖਿਆ ਲਈ ਸਭ ਤੋਂ ਵੱਡੀ ਚੁਣੌਤੀ ਦੇ ਰੂਪ ਵਿੱਚ ਪਛਾਣ ਕੀਤੀ ਹੈ। ਇਹੀ ਕਾਰਨ ਹੈ ਕਿ ਅਮਰੀਕੀਆਂ ਨੇ 20 ਸਾਲਾਂ ਤੱਕ ਉਸ ਦੀ ਵਰਤੋਂ ਕਰਨ ਦੇ ਬਾਅਦ ਅਸਲ ਵਿੱਚ ਪਲੇਟ ਵਿੱਚ ਸਜਾ ਕੇ ਅਫਗਾਨਿਸਤਾਨ ਸੁੰਨੀ ਤਾਲਿਬਾਨ ਨੂੰ ਸੌਂਪ ਦਿੱਤਾ ਹੈ। ਅਮਰੀਕੀਆਂ ਤੇ ਇੱਥੋਂ ਤੱਕ ਕਿ ਅਫਗਾਨ ਸੁਰੱਖਿਆ ਬਲਾਂ ਦਾ ਦਾਅਵਾ ਹੈ ਕਿ ਵਧੇਰੇ ਆਧੁਨਿਕ ਹਥਿਆਰਾਂ ਨੂੰ ਅਸਮਰੱਥ ਬਣਾ ਦਿੱਤਾ ਗਿਆ ਸੀ, ਪਰ ਬਹੁਤ ਸਾਰੇ ਗੰਭੀਰ ਰਣਨੀਤਕ ਵਿਚਾਰਕ ਇਸ ਨੂੰ ਮੰਨਣ ਲਈ ਤਿਆਰ ਨਹੀਂ। ਅਮਰੀਕਾ ਦਾ ਮਕਸਦ ਤਾਲਿਬਾਨ ਦੀ ਸੂਰਤ ਵਿੱਚ ਇੱਕ ਬਰਾਬਰ ਦਾ ਕੱਟੜ ਸੁੰਨੀ ਬਲ ਤਿਆਰ ਕਰਨਾ ਹੈ।

ਤਾਲਿਬਾਨ ਦੀ ਵਾਪਸੀ ਪਿੱਛੋਂ ਦੀ ਗੜਬੜ ਵਿਚਾਲੇ ਭਾਰਤ ਅਤੇ ਹੋਰ ਦੇਸ਼ ਕਿੱਥੇ ਖੜ੍ਹੇ ਹਨ? ਇਸੇ ਪੱਖੋਂ ਪ੍ਰਧਾਨ ਮੰਤਰੀ ਮੋਦੀ ਦੇ ਵੈਟੀਕਨ ਦੌਰੇ ਉੱਤੇ ਭਾਰਤ ਦੀ ਨਵੇਂ ਬਣੇ ਪੱਛਮੀ ਕਵਾਡ ਵਿੱਚ ਸਮੀਖਿਆ ਕਰਨ ਦੀ ਲੋੜ ਹੈ।




## ਪੁਲਸ ਵਾਲੇ ਉਤੇ ਰਾਸ਼ਟਰੀ ਸਿੱਖ ਸੰਗਤ ਦੇ ਪ੍ਰਧਾਨ ਦੀ ਦਾੜ੍ਹੀ ਨੋਚਣ ਦਾ ਦੋਸ਼

ਮਲੋਟ, 7 ਨਵੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਇੱਕ ਮੁਲਾਜ਼ਮ ਉੱਤੇਸ਼ਰਾਬ ਦੇ ਨਸ਼ੇ ਵਿੱਚ ਪੂਰਾ ਟੱਲੀ ਹੋ ਕੇ ਰਾਸ਼ਟਰੀ ਸਿੱਖ ਸੰਗਤ ਦੇ ਜ਼ਿਲ੍ਹਾ ਪ੍ਰਧਾਨ ਜਸਪਿੰਦਰ ਸਿੰਘ ਮਿੰਟੂ ਦੀ ਦਾੜ੍ਹੀ ਨੋਚਣ ਤੇ ਕੇਸਾਂ ਦੀ ਬੇਅਦਬੀ ਕਰਨ ਦੇ ਦੋਸ਼ ਲੱਗੇ ਹਨ ਅਤੇ ਇਸ ਬਾਰੇ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਰਾਸ਼ਟਰੀ ਸਿੱਖ ਸੰਗਤ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਗਰੋ ਇੰਡਸਟਰੀ ਦੇ ਮਾਲਕ ਜਸਪਿੰਦਰ ਸਿੰਘ ਮਿੰਟੂ ਨੇ ਦੱਸਿਆ ਕਿ ਉਹ ਆਪਣੀ ਪਤਨੀ ਨਾਲ ਗੁਰਦੁਆਰਾ ਸਾਹਿਬ ਆ ਰਹੇ ਸਨ। ਰਾਹ ਵਿੱਚ ਪੁਲਸ ਵਾਲੇ ਨੇ ਨਸ਼ੇ ਦੀ ਹਾਲਤ ਵਿੱਚ ਖੜ੍ਹੇ ਵਾਹਨ ਨੂੰ ਟੱਕਰ ਮਾਰ ਦਿੱਤੀ ਅਤੇ ਸੜਕ ਵਿਚਾਲੇ ਕਾਰ ਖੜੀ ਕਰ ਕੇ ਗਾਲੀ ਗਲੋਚ ਕਰਨਲੱਗਾ। ਉਨ੍ਹਾਂ ਨੇ ਗੱਡੀ ਸਾਈਡ ਉੱਤੇ ਕਰਨ ਨੂੰ ਕਿਹਾ ਤਾਂ ਪੁਲਸ ਵਾਲੇ ਨੇ ਗਲਤ ਸ਼ਬਦਾਵਲੀ ਵਰਤਦੇ ਹੋਏ ਦਾੜ੍ਹੀ ਨੋਚੀ ਅਤੇ ਕੇਸਾਂ ਦੀ ਬੇਅਦਬੀ ਕੀਤੀ। ਇਸ ਦੌਰਾਨ ਕੁਝ ਲੋਕਾਂ ਨੇ ਛੁਡਵਾਇਆ। ਥਾਣਾ ਸਿਟੀ ਵਿੱਚ ਤੈਨਾਤ ਇਸ ਪੁਲਸ ਮੁਲਾਜ਼ਮ ਇਸ ਘਟਨਾ ਵੇਲੇ ਮਹਿਲਾ ਪੁਲਸ ਮੁਲਾਜ਼ਮ ਵੀ ਸੀ। ਉਸ ਨੇ ਵੀ ਪੁਲਸ ਕਰਮਚਾਰੀ ਦਾ ਪੱਖ ਲਿਆ ਤੇ ਉਸ ਨੂੰ ਲੈ ਕੇ ਚਲੀ ਗਈ। ਇਸ ਦੇ ਬਾਅਦ ਉਹ ਸਿਵਲ ਹਸਪਤਾਲ ਪਹੁੰਚੇ।ਓਧਰ ਹਸਪਤਾਲ ਵਿੱਚ ਪੁਲਸ ਮੁਲਾਜ਼ਮ ਦਾ ਵਿਹਾਰ ਦੂਸਰੇ ਪੁਲਸ ਵਾਲਿਆਂ ਦੀ ਹਾਜ਼ਰੀ ਵਿੱਚ ਵੀ ਬੇਹੱਦ ਖਰਾਬ ਸੀ। ਥਾਣਾ ਸਿਟੀ ਦੇ ਇੰਚਾਰਜ ਇੰਸਪੈਕਟਰ ਸੰਜੀਵ ਕੁਮਾਰ ਨੇ ਦੱਸਿਆ ਕਿ ਪੁਲਸ ਕਰਮਚਾਰੀ ਦਾ ਮੈਡੀਕਲ ਕਰਵਾ ਕੇ ਇਸ ਦੇ ਖਿਲਾਫ ਬਣਦੀ ਕਾਰਵਾਈ ਹੋਵੇਗੀ।

## ਮਾਂ ਨਾਲ ਝਗੜੇ ਪਿੱਛੋਂ ਨਸ਼ੇ ਵਿੱਚ ਪੁੱਤ ਨੇ ਘਰ ਨੂੰ ਅੱਗ ਲਾਈ

*ਦੋ ਮਹੀਨੇ ਪਹਿਲਾਂ ਵਿਆਹ, ਦੋ ਦਿਨ ਪਹਿਲਾਂ ਪਤਨੀ ਪੇਕੇ ਗਈ

ਫਿਲੌਰ, 7 ਨਵੰਬਰ (ਪੋਸਟ ਬਿਊਰੋ)- ਮੁਹੱਲਾ ਪੰਜਢੇਰਾ ਵਿੱਚ ਇੱਕ ਪੁੱਤਰ ਨੇ ਮਾਂ ਨਾਲ ਝਗੜਾ ਹੋਣ ਉੱਤੇ ਘਰ ਨੂੰ ਅੱਗ ਲਾ ਦਿੱਤੀ, ਜਿਸ ਕਾਰਨ ਘਰ ਅਤੇ ਉਸ ਦੇ ਅੰਦਰ ਪਿਆ ਲੱਖਾਂ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਔਰਤ ਜੀਤੋ ਨੇ ਦੱਸਿਆ ਕਿ ਉਸ ਦਾ ਪੁੱਤਰ ਜਸਕਰਨ ਬਾਗੀ ਨਸ਼ੇ ਦਾ ਆਦੀ ਹੈ। ਇੱਕ ਮਹੀਨੇ ਤੋਂ ਉਹ ਨਸ਼ਾ ਛੱਡਣ ਦੀ ਦਵਾ ਲੈ ਰਿਹਾ ਸੀ, ਪਰ ਝਗੜਾ ਕਰਦਾ ਰਹਿੰਦਾ ਸੀ। ਦੋ ਮਹੀਨੇ ਪਹਿਲਾਂ ਉਸ ਦਾ ਵਿਆਹ ਹੋਇਆ ਤੇ ਦੋ ਦਿਨ ਪਹਿਲਾਂ ਉਸ ਦੀ ਪਤਨੀ ਛੱਡ ਕੇ ਪੇਕੇ ਚਲੀ ਗਈ। ਸ਼ੁੱਕਰਵਾਰ ਰਾਤ ਬਾਗੀ ਕਿਸੇ ਗੱਲ ਕਰ ਕੇ ਉਸ ਨਾਲ ਝਗੜਾ ਕਰਨ ਲੱਗਾ ਅਤੇ ਆਪਣੇ ਕਮਰੇ ਵਿੱਚ ਚਲਾ ਗਿਆ। ਸੋਚਿਆ ਕਿ ਸੌਂ ਗਿਆ ਹੋਵੇਗਾ, ਪਰ ਕੁਝ ਦੇਰ ਬਾਅਦ ਕਮਰੇ ਵਿੱਚੋਂ ਧੂੰਆਂ ਨਿਕਲਣ ਲੱਗਾ ਅਤੇ ਉਹ ਦਰਵਾਜ਼ਾ ਖੋਲ੍ਹ ਕੇ ਭੱਜ ਗਿਆ। ਰੌਲਾ ਪਾਉਣ ਉੱਤੇਮੁਹੱਲੇ ਦੇ ਲੋਕ ਮੱਦਦ ਲਈ ਆਏ, ਪਰ ਬੈਡ, ਵਾਸ਼ਿੰਗ ਮਸ਼ੀਨ, ਫਰਿਜ਼, ਐਲ ਸੀ ਡੀ, ਕੱਪੜੇ ਅਤੇ ਹੋਰ ਸਾਮਾਨ ਸੜ ਕੇ ਸੁਆਹ ਗਿਆ ਸੀ। ਥਾਣਾ ਇੰਚਾਰਜ ਸੰਜੀਵ ਕੁਮਾਰ ਨੇ ਦੱਸਿਆ ਕਿ ਦੋਸ਼ੀ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਕੈਪਟਨ ਦੇ ਕਰੀਬੀ ਮੰਤਰੀ ਉੱਤੇ ਪੁਲਸ ਅਫਸਰ ਦੀ ਪੋਸਟਿੰਗ ਵਾਸਤੇ ਰਿਸ਼ਵਤ ਲੈਣ ਦਾ ਦੋਸ਼

* ਮੁਸਤਫਾ ਨੇ ਕਿਹਾ, ਪੈਸਾ ਵਾਪਸ ਨਾ ਕੀਤਾ ਤਾਂ ਵਿਜੀਲੈਂਸ ਨੂੰ ਕੇਸ ਦੇਵਾਂਗਾ



ਚੰਡੀਗੜ੍ਹ, 7 ਨਵੰਬਰ (ਪੋਸਟ ਬਿਊਰੋ)- ਜਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਲਗਾਤਾਰ ਆਪਣੀ ਹੀ ਸਰਕਾਰ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਨਿਸ਼ਾਨੇ ਉੱਤੇ ਲੈ ਰਹੇ ਹਨ, ਓਦੋਂ ਸਿੱਧੂ ਦੇ ਰਣਨੀਤਕ ਸਲਾਹਕਾਰ ਅਤੇ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਮੁਹੰਮਦ ਮੁਸਤਫਾ ਨੇ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਮੋਰਚਾ ਖੋਲ੍ਹਿਆ ਪਿਆ ਹੈ। ਡੀ ਜੀ ਪੀ ਨਾ ਬਣਾਏ ਜਾਣ ਦੇ ਕਾਰਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਨਾਰਾਜ਼ ਮੁਹੰਮਦ ਮੁਸਫਤਾ ਬੀਤੇ ਹਫਤੇ ਸਾਬਕਾ ਡੀ ਜੀ ਪੀ ਸੁਰੇਸ਼ ਅਰੋੜਾ ਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਸਰਕਾਰ ਦੇ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਉੱਤੇ ਨਿਸ਼ਾਨਾ ਲਾ ਚੁੱਕੇ ਸਨ। ਬੀਤੇ ਸ਼ਨੀਵਾਰ ਨੂੰ ਮੁਸਤਫਾ ਨੇ ਇੱਕ ਵਾਰ ਮੁੜ ਕੈਪਟਨ ਦੀ ਸਰਕਾਰ ਵਿੱਚ ਮੰਤਰੀ ਰਹੇ ਇੱਕ ਕਾਂਗਰਸੀ ਨੇਤਾ ਵੱਲ ਨਿਸ਼ਾਨਾ ਸਾਧਿਆ ਹੈ।

ਸਾਬਕਾ ਡੀ ਜੀ ਪੀ ਮੁਹੰਮਦ ਮੁਸਤਫਾ ਨੇ ਦੋ ਵੱਖ-ਵੱਖ ਟਵੀਟ ਕਰ ਕੇ ਦੋਸ਼ ਲਾਏ ਹਨ ਕਿ ਇੱਕ ਪੁਲਸ ਅਫਸਰ ਨੂੰ ਐਸ ਐਸ ਪੀ ਲਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੇ ਇੱਕ ਕਰੀਬੀ ਮੰਤਰੀ ਨੇ ਉਸ ਕੋਲੋਂ ਚਾਲੀ ਲੱਖ ਰੁਪਏ ਲਏ ਸਨ। ਮੁਸਤਫਾ ਨੇ ਟਵੀਟ ਵਿੱਚ ਕਿਹਾ ਕਿ ਪਿਛਲੇ ਦਿਨੀਂ ਇਹ ਅਫਸਰ ਅੱਖਾਂ ਵਿੱਚ ਹੰਝੂ ਲੈ ਕੇ ਜਦੋਂ ਬੈਠਕ ਤੋਂ ਬਾਹਰ ਨਿਕਲਿਆ ਤਾਂ ਉਸ ਨੇ ਉਨ੍ਹਾਂ (ਮੁਸਤਫਾ) ਨੂੰ ਦੱਸਿਆ ਕਿ ਐਸ ਐਸ ਪੀ ਲੱਗਣ ਲਈ ਉਸ ਨੇ ਚਾਲੀ ਲੱਖ ਰੁਪਏ ਦਿੱਤੇ ਸਨ। ਮੁਸਤਫਾਦੇ ਮੁਤਾਬਕ ਇਹ ਪੈਸਾ ਉਸ ਨੇ ਮੇਰੇ ਇੱਕ ਰਿਸ਼ਤੇਦਾਰ ਸਾਹਮਣੇ ਦਿੱਤਾ ਅਤੇ ਇਸ ਅਫਸਰ ਨੇ ਇਸ ਦੀ ਸ਼ਿਕਾਇਤ ਉਸ ਵਕਤ ਦੇ ਡੀ ਜੀ ਪੀ ਨੂੰ ਵੀ ਕੀਤੀ, ਪਰ ਸ਼ਿਕਾਇਤ ਉੱਤੇ ਕਾਰਵਾਈ ਨਹੀਂ ਹੋਈ। ਮੁਸਤਫਾ ਨੇ ਕਿਹਾ ਕਿ ਇਹ ਕੈਪਟਨ ਅਮਰਿੰਦਰ ਸਿੰਘ ਦੀ ਸਾਫ ਸੁਥਰੀ ਸਰਕਾਰ ਦੀ ਇੱਕ ਸਪੱਸ਼ਟ ਮਿਸਾਲ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿੱਛੇ ਜਿਹੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸਾਹਮਣੇ ਸਾਫ-ਸੁਥਰੀ ਸਰਕਾਰ ਚਲਾਉਣ ਦਾ ਦਾਅਵਾ ਕੀਤਾ ਸੀ। ਮੁਸਤਫਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਆਪਣਾ ਪ੍ਰਭਾਵ ਵਰਤ ਕੇ ਪੈਸਾ ਲੈਣ ਵਾਲੇ ਇਸ ਨੇਤਾ ਨੂੰ ਪੈਸਾ ਵਾਪਸ ਕਰਨ ਨੂੰ ਕਹਿਣ। ਇਸ ਮੌਕੇ ਮੁਸਤਫਾ ਨੇ ਚਿਤਾਵਨੀ ਦਿੱਤੀ ਕਿ ਉਹ 72 ਘੰਟੇ ਉਡੀਕ ਕਰਨਗੇ, ਜੇ ਪੈਸੇ ਨਾ ਮੋੜੇ ਤਾਂ ਇਸ ਦੀ ਸ਼ਿਕਾਇਤ ਪੰਜਾਬ ਦੇ ਗ੍ਰਹਿ ਮੰਤਰੀ ਅਤੇ ਵਿਜੀਲੈਂਸ ਨੂੰ ਕੀਤੀ ਜਾਵੇਗੀ ਅਤੇ ਉਹ ਹੱਥ ਵਿੱਚ ਐਫੀਡੇਵਿਟ ਲੈ ਕੇ ਪੈਸਾ ਵਾਪਸ ਲਿਆਂਦੇ ਜਾਣ ਦੀ ਉਡੀਕ ਕਰਨਗੇ।

## ਪਟਾਕੇ ਖਰੀਦਣ ਗਏ ਵਿਅਕਤੀ ਦਾ ਚਾਕੂ ਮਾਰ ਕੇ ਕਤਲ

ਐਸ ਏ ਐਸ ਨਗਰ, 7 ਨਵੰਬਰ (ਪੋਸਟ ਬਿਊਰੋ)- ਦੀਵਾਲੀ ਵਾਲੇ ਦਿਨ ਬੱਚਿਆਂ ਲਈ ਪਟਾਕੇ ਖਰੀਦਣ ਗਏ ਇੱਕ ਵਿਅਕਤੀ ਦੀ ਚਾਕੂ ਵਿੰਨ੍ਹੀ ਲਾਸ਼ ਮਿਲੀ ਹੈ। ਮ੍ਰਿਤਕ ਦੀ ਪਛਾਣ ਰੰਜੇ ਪਿੰਡ ਬਹਿਲੋਲਪੁਰ ਵਜੋਂ ਹੋਈ ਹੈ। ਪਿੱਛੋਂ ਬਿਹਾਰ ਦਾ ਰਹਿਣ ਵਾਲਾ ਰੰਜੇ ਆਪਣੀ ਪਤਨੀ ਅਤੇ ਬੱਚਿਆਂ ਨਾਲ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ।

ਜਾਂਚ ਅਧਿਕਾਰੀ ਐਸ ਐਚ ਓ ਰਾਜਪਾਲ ਨੇ ਦੱਸਿਆ ਕਿ ਵਾਰਦਾਤ ਪਿੰਡ ਝਾਮਪੁਰ ਵਿੱਚ ਸੁੰਨਸਾਨ ਥਾਂ ਉੱਤੇ ਹੋਈ ਹੈ। ਪੁਲਸ ਨੇ ਮ੍ਰਿਤਕ ਦੇ ਭਾਣਜੇ ਰਾਜ ਕੁਮਾਰ ਵਾਸੀ ਬਹਿਲੋਲਪੁਰ ਦੇ ਬਿਆਨਾਂ ਉੱਤੇ ਅਣਪਛਾਤੇ ਕਾਤਲਾਂ ਖਿਲਾਫ ਕੇਸ ਦਰਜ ਕਰ ਲਿਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ ਕਿ ਉਸ ਦੀ ਕਿਸੇ ਨਾਲ ਲੜਾਈ ਤਾਂ ਨਹੀਂ ਸੀ। ਪੈਸੇ ਦੇ ਲੈਣ-ਦੇਣ ਬਾਰੇ ਵੀ ਮ੍ਰਿਤਕ ਦੇ ਪਰਵਾਰ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।ਰਾਜ ਕੁਮਾਰ ਨੇ ਦੱਸਿਆ ਕਿ ਉਹ ਮਜ਼ਦੂਰੀ ਕਰਦਾ ਸੀ ਤੇ ਪਰਵਾਰ ਸਮੇਤ ਪਿੰਡ ਬਹਿਲੋਲਪੁਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਉਸ ਦਾ ਮਾਮਾ ਰੰਜੇ ਆਪਣੀ ਪਤਨੀ ਤੇ ਬੱਚਿਆਂ ਸਮੇਤ ਉਨ੍ਹਾਂ ਦੇ ਘਰ ਤੋਂ ਕੁਝ ਦੂਰ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਚਾਰ ਨਵੰਬਰ ਦੁਪਹਿਰੇ ਤਿੰਨ ਵਜੇ ਮਾਮਾ ਉਸ ਕੋਲ ਆਇਆ ਤੇ ਮੋਟਰ ਸਾਈਕਲ ਮੰਗ ਕੇ ਲੈ ਗਿਆ। ਉਸ ਨੇ ਜਾਣ ਤੋਂ ਪਹਿਲਾਂ ਕਿਹਾ ਸੀ ਕਿ ਬੱਚੇ ਪਟਾਕੇ ਲੈਣ ਦੀ ਜ਼ਿੱਦ ਕਰਦੇ ਹਨ, ਇਸ ਲਈ ਖਰੀਦਣ ਜਾ ਰਿਹਾ ਹੈ।ਸ਼ਾਮ ਕਰੀਬ ਪੌਣੇ ਛੇ ਵਜੇ ਰਾਜ ਕੁਮਾਰ ਨੂੰ ਅਣਪਛਾਤੇ ਨੰਬਰ ਤੋਂ ਫੋਨ ਆਇਆ ਤੇ ਉਹ ਕਾਲਰ ਨੇ ਕਿਹਾ ਕਿ ਰੰਜੇ ਨੂੰ ਕਿਸੇ ਨੇ ਚਾਕੂ ਮਾਰ ਦਿੱਤਾ ਹੈ। ਉਹ ਪਿੰਡ ਝਾਮਪੁਰ ਵਿੱਚਪੁੱਜੇ ਤਾਂ ਵੇਖਿਆ ਕਿ ਮਾਮਾ ਖ਼ੂਨ ਨਾਲ ਲਿਬੜਿਆ ਜ਼ਮੀਨ ਉੱਤੇ ਪਿਆ ਸੀ। ਉਸ ਦੀ ਛਾਤੀ ਦੇ ਖੱਬੇ ਪਾਸੇ ਚਾਕੂ ਦੇ ਜ਼ਖਮ ਸਨ। ਉਹ ਜ਼ਖਮੀ ਨੂੰ ਫੇਜ਼-6 ਦੇ ਸਰਕਾਰੀ ਹਸਪਤਾਲ ਲੈ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

## ਘਰ ਵਿੱਚੋਂ ਮਾਂ-ਧੀ ਦੀਆਂ ਲਾਸ਼ਾਂ ਮਿਲੀਆਂ

ਬਾਬਾ ਬਕਾਲਾ, 7 ਨਵੰਬਰ (ਪੋਸਟ ਬਿਊਰੋ)- ਬਾਬਾ ਬਕਾਲਾ ਸਾਹਿਬ ਵਿਖੇ ਇੱਕ ਘਰ ਵਿੱਚ ਭੇਤਭਰੀ ਹਾਲਤ ਵਿੱਚ ਮਾਂ-ਧੀ ਦੀ ਮੌਤ ਹੋਣ ਦਾ ਸਮਾਚਾਰ ਹੈ, ਜਿਨ੍ਹਾਂ ਦੀਆਂ ਲਾਸ਼ਾਂ ਘਰ ਦੀ ਰਸੋਈ ਵਿੱਚੋਂ ਮਿਲੀਆਂ ਹਨ।

ਮ੍ਰਿਤਕ ਔਰਤ ਦੇ ਭਰਾ ਪਰਮਜੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਸ਼ਾਹਪੁਰ ਮੁਤਾਬਕ ਉਸ ਦੀ ਛੋਟੀ ਭੈਣ ਸ਼ਰਨਜੀਤ ਕੌਰ (30) ਦਾ ਵਿਆਹ ਸਾਲ 2010 ਵਿੱਚ ਰਜਿੰਦਰ ਸਿੰਘ ਪੁੱਤਰ ਅਮੀਰ ਸਿੰਘ ਵਾਸੀ ਰਈਆ ਖੁਰਦ ਨਾਲ ਹੋਇਆ ਸੀ, ਜਿਸ ਤੋਂ ਉਸ ਦੇ ਦੋ ਬੱਚੇ ਰੋਜ਼ਲੀਨ ਕੌਰ (ਸੱਤ-ਅੱਠ ਸਾਲ) ਅਤੇ ਲੜਕਾ ਅਭਿਜੋਤ ਸਿੰਘ (4 ਸਾਲ) ਹੈ। ਚਾਰ ਕੁ ਸਾਲ ਪਹਿਲਾਂ ਤੋਂ ਉਸ ਦੀ ਭੈਣ ਅਤੇ ਜੀਜਾ ਆਪਣਾ ਮਕਾਨ ਬਣਾ ਕੇ ਬਾਬਾ ਬਕਾਲਾ ਸਾਹਿਬ ਰਹਿ ਰਹੇ ਸਨ। ਰਜਿੰਦਰ ਸਿੰਘ ਫੌਜ ਵਿੱਚ ਹੈ। ਪਰਮਜੀਤ ਮੁਤਾਬਕ ਉਸ ਦੇ ਜੀਜੇ ਦੇ ਕਿਸੇ ਔਰਤ ਨਾਲ ਨਾਜਾਇਜ਼ ਸੰਬੰਧ ਸਨ, ਜਿਸ ਕਾਰਨ ਕਈ ਵਾਰ ਉਸ ਨੇ ਭੈਣ ਦੀ ਕੁੱਟਮਾਰ ਕੀਤੀ ਸੀ। ਬੀਤੀ ਪੰਜ ਨਵੰਬਰ ਦੀ ਰਾਤ ਨੌਂ ਵਜੇ ਜਦੋਂ ਉਸ ਨੇ ਆਪਣੀ ਭੈਣ ਨੂੰ ਫੋਨ ਲਾਇਆ ਤਾਂ ਸਵਿੱਚ ਆਫ ਸੀ, ਜਦੋਂ ਉਹ ਕੱਲ੍ਹ ਆਪਣੀ ਭੈਣ ਨੂੰ ਮਿਲਣ ਉਸ ਦੇ ਘਰ ਗਿਆ ਤਾਂ ਸ਼ਰਨਜੀਤ ਅਤੇ ਰੋਜ਼ਲੀਨ ਦੀਆਂ ਲਾਸ਼ਾਂ ਰਸੋਈ ਵਿੱਚ ਪਈਆਂ ਸਨ। ਪਰਮਜੀਤ ਨੇ ਦੋਸ਼ ਲਾਇਆ ਕਿ ਉਸ ਦੇ ਜੀਜੇ ਨੇ ਹੀ ਉਸ ਦੀ ਭੈਣ ਅਤੇ ਭਣੇਵੀਂ ਨੂੰ ਮਾਰਿਆ ਹੈ। ਪੁਲਸ ਨੇ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


## ਤਲਾਕ ਤੋਂ ਬਿਨਾਂ ਪ੍ਰੇਮੀ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਔਰਤ ਸੁਰੱਖਿਆ ਦੀ ਹੱਕਦਾਰ ਨਹੀਂ: ਹਾਈ ਕੋਰਟ


ਚੰਡੀਗੜ੍ਹ, 7 ਨਵੰਬਰ (ਪੋਸਟ ਬਿਊਰੋ)- ਆਪਣੇ ਪਤੀ ਤੋਂ ਤਲਾਕ ਲਏ ਬਿਨਾਂ ਆਪਣਾ ਘਰ ਛੱਡ ਕੇ ਪ੍ਰੇਮੀ ਦੇ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿਣ ਵਾਲੀ ਔਰਤ ਤੇ ਉਸ ਦੇ ਪ੍ਰੇਮੀ ਵੱਲੋਂ ਆਪਣੀ ਸੁਰੱਖਿਆ ਦੀ ਮੰਗ ਲਈ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਪਟੀਸ਼ਨ ਹਾਈ ਕੋਰਟ ਨੇ ਸਿਰੇ ਤੋਂ ਰੱਦ ਕਰ ਦਿੱਤੀ ਹੈ।

ਜਸਟਿਸ ਅਸ਼ੋਕ ਕੁਮਾਰ ਵਰਮਾ ਨੇ ਕਿਹਾ ਕਿ ਆਪਣੇ ਪਤੀ ਤੋਂ ਤਲਾਕ ਲਏ ਬਿਨਾਂ ਇਹ ਔਰਤ ਆਪਣੇ ਪ੍ਰੇਮੀ ਦੇ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਹੀ ਹੈ, ਅਜਿਹੇ ਹਾਲਾਤ ਵਿੱਚਆਪਣੇ ਨਾਜਾਇਜ਼ ਰਿਸ਼ਤੇ ਲਈ ਦੋਵੇਂ ਪਟੀਸ਼ਨਰ ਹਾਈ ਕੋਰਟ ਤੋਂ ਆਪਣੀ ਸੁਰੱਖਿਆ ਦੀ ਮੰਗ ਦਾ ਹੱਕ ਨਹੀਂ ਰੱਖਦੇ। ਇਸੇ ਆਧਾਰ ਉੱਤੇ ਹਾਈ ਕੋਰਟ ਨੇ ਦੋਵਾਂ ਦੀ ਇਸ ਪਟੀਸ਼ਨ ਰੱਦ ਕਰ ਦਿੱਤੀ ਹੈ।




ਔਰਤ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਉਹ ਪਹਿਲਾਂ ਸ਼ਾਦੀਸ਼ੁਦਾ ਹੈ ਅਤੇ ਅੱਜਕੱਲ੍ਹ ਉਹ ਆਪਣੇ ਪ੍ਰੇਮੀ ਨਾਲ ਰਹਿ ਰਹੀ ਹੈ, ਪਰ ਉਸ ਨੇ ਅਜੇ ਤਕ ਆਪਣੇ ਪਤੀ ਤੋਂ ਤਲਾਕ ਨਹੀਂ ਲਿਆ। ਇਸ ਕਾਰਨ ਉਸ ਦਾ ਪਤੀ ਅਤੇ ਪਰਵਾਰ ਵਾਲੇ ਨਾਰਾਜ਼ ਹਨ। ਇਸ ਔਰਤ ਨੇ ਆਪਣੇ ਪਤੀ ਤੋਂ ਖੁਦ ਨੂੰ ਖਤਰਾ ਦੱਸਦੇ ਹੋਏ ਹਾਈ ਕੋਰਟ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਉਸ ਨੇ ਦੱਸਿਆ ਕਿ ਉਸ ਨੇ ਬਰਨਾਲਾ ਦੇ ਐਸ ਐਸ ਪੀ ਨੂੰ ਆਪਣੀ ਸੁਰੱਖਿਆ ਦੀ ਮੰਗ ਬਾਰੇ ਅਰਜ਼ੀ ਦਿੱਤੀ ਸੀ, ਜਿਸ ਉੱਤੇ ਕੋਈ ਕਾਰਵਾਈ ਨਹੀਂ ਹੋਈ। ਹਾਈ ਕੋਰਟ ਨੇ ਪਟੀਸ਼ਨ ਰੱਦ ਕਰਦੇ ਹੋਏ ਕਿਹਾ ਕਿ ਏਦਾਂ ਦੇ ਰਿਸ਼ਤੇ ਨੂੰ ਸੁਰੱਖਿਆ ਨਹੀਂ ਦਿੱਤੀ ਜਾ ਸਕਦੀ। ਇਹ ਰਿਸ਼ਤਾ ਆਈ ਪੀ ਸੀ ਦੀ ਧਾਰਾ 494 ਅਤੇ 495 ਹੇਠ ਅਪਰਾਧ ਦੀ ਸ਼੍ਰੇਣੀ ਵਿੱਚ ਵੀ ਆ ਸਕਦਾ ਹੈ।



# ਹਸਪਤਾਲ ਦੇ ਆਈ ਸੀ ਯੂ ਵਾਰਡ ਵਿੱਚ ਅੱਗ ਕਾਰਨ 10 ਮਰੀਜ਼ਾਂ ਦੀ ਮੌਤ



ਪੁਣੇ, 7 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਅਹਿ-ਮਦਨਗਰ ਜ਼ਿਲ੍ਹੇ ਦੇ ਸਿਵਲ ਹਸਪਤਾਲ ਵਿੱਚ ਕੱਲ੍ਹ ਸਵੇਰੇ ਅੱਗ ਲੱਗ ਜਾਣ ਕਾਰਨ 10 ਮਰੀਜ਼ਾਂ ਦੀ ਮੌਤ ਹੋ ਗਈ ਅਤੇ 10 ਤੋਂ ਵਧੇਰੇ ਲੋਕ ਝੁਲਸ ਗਏ।

ਹਸਪਤਾਲ ਦੇ ਸੂਤਰਾਂ ਨੇ ਦੱਸਿਆ ਕਿ ਅੱਗ ਆਈ ਸੀ ਯੂ ਵਿੱਚ ਕਰੀਬ ਸਾਢੇ 11 ਵਜੇ ਲੱਗੀ ਤੇ ਵੇਖਦੇ ਹੀ ਵੇਖਦੇ ਪੂਰੇ ਕਮਰੇ ਵਿੱਚ ਫੈਲ ਗਈ। ਦੱਸਿਆ ਗਿਆ ਹੈ ਕਿ ਕਮਰੇ ਵਿੱਚ ਕਰੀਬ 20 ਕੋਵਿਡ ਮਰੀਜ਼ ਸਨ। ਝੁਲਸ ਗਏ ਲੋਕਾਂ ਦੇ ਬਿਨਾਂ ਬਾਕੀ ਮਰੀਜ਼ਾਂ ਨੂੰ ਦੂਜੇ ਵਾਰਡ ਵਿੱਚ ਸ਼ਿਫਟ ਕਰ ਦਿੱਤਾ ਗਿਆ ਹੈ। ਕਈ ਜ਼ਖਮੀਆਂ ਦੀ ਹਾਲਤ ਗੰਭੀਰ ਦੱਸੀ ਗਈ ਹੈ। ਮਹਾਰਾਸ਼ਟਰ ਸਰਕਾਰ ਦੇ ਮੰਤਰੀ ਹਸਨ ਮੁਸ਼ਰੀਫ ਨੇ ਕਿਹਾ ਕਿ ਘਟਨਾ ਵਿੱਚ 10 ਮਰੀਜ਼ਾਂ ਦੀ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਲਾਪਰਵਾਹੀ ਪਾਏ ਜਾਣ ਉੱਤੇ ਇਸ ਦੇ ਜ਼ਿੰਮੇਵਾਰ ਲੋਕਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਅਹਿਮਦਨਗਰ ਨਗਰ ਨਿਗਮ ਦੇ ਫਾਇਰ ਬ੍ਰਿਗੇਡ ਵਿਭਾਗ ਦੇ ਅਧਿਕਾਰੀ ਸ਼ੰਕਰ ਮਿਸਾਲ ਨੇ ਦੱਸਿਆ ਕਿ ਅੱਗ ਲੱਗਣ ਦਾ ਕਾਰਨ ਸ਼ਾਇਦ ਸ਼ਾਰਟ ਸਰਕਟ ਹੋ ਸਕਦਾ ਹੈ। ਜਿੰਨੇ ਲੋਕਾਂ ਦੀ ਮੌਤ ਹੋਈ ਹੈ, ਉਹ ਸਾਰੇ ਕੋਰੋਨਾ ਮਰੀਜ਼ ਸਨ।ਮਹਾਰਾਸ਼ਟਰ ਦੇ ਮੰਤਰੀ ਨਵਾਬ ਮਲਿਕ ਨੇ ਕਿਹਾ ਕਿ ਇਹ ਆਈ ਸੀ ਯੂ ਪਿੱਛੇ ਜਿਹੇ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੇ ਇਲਾਜ ਲਈ ਬਣਾਇਆ ਗਿਆ ਸੀ ਅਤੇ ਅੱਗ ਦੀ ਇਹ ਘਟਨਾ ਗੰਭੀਰ ਮਾਮਲਾ ਹੈ।

# ਸਿੱਖਸ ਫਾਰ ਜਸਟਿਸ ਉੱਤੇ ਸ਼ਿਕੰਜਾ ਕੱਸਣ ਲਈ ਭਾਰਤੀ ਟੀਮ ਕੈਨੇਡਾ ਤੱਕ ਪਹੁੰਚੀ



ਨਵੀਂ ਦਿੱਲੀ, 7 ਨਵੰਬਰ (ਪੋਸਟ ਬਿਊਰੋ)- ਖਾਲਿਸਤਾਨ ਸਮਰਥਕ ਸੰਗਠਨ ਸਿੱਖਸ ਫਾਰ ਜਸਟਿਸ ਦੇ ਖਿਲਾਫ ਦਰਜ ਕੇਸਾਂ ਵਿੱਚ ਕੈਨੇਡੀਅਨ ਪੁਲਸ ਦੀ ਮਦਦ ਲਈ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਦੀ ਇੱਕ ਟੀਮ ਅੱਜਕੱਲ੍ਹ ਕੈਨੇਡਾ ਪਹੁੰਚੀ ਹੋਈ ਹੈ। ਦੋਵਾਂ ਦੇਸ਼ਾਂ ਵਿਚਾਲੇ ਵਿਧਾਨਿਕ ਸਹਾਇਤਾ ਸੰਧੀ (ਐਮ ਐਲ ਟੀ) ਹੇਠ ਐਨ ਆਈ ਏ ਦੀ ਆਈ ਜੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਾਲੀਟੀਮ ਸੂਚਨਾਵਟਾਂਦਰੇ ਲਈ ਕੰਮ ਕਰ ਰਹੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਸਿੱਖਸ ਫਾਰਜਸਟਿਸ (ਐਸ ਐਫ ਜੇ) ਦੇ ਖਿਲਾਫ ਦਰਜ ਕੇਸਾਂ ਦੇ ਸੰਬੰਧ ਵਿੱਚ ਐਨ ਆਈ ਏ ਦਾ ਇਹ ਪਹਿਲਾ ਕੈਨੇਡਾ ਦੌਰਾ ਹੈ। ਅਮਰੀਕਾ ਤੋਂ ਚੱਲਦਾ ਇਹ ਸੰਗਠਨ ਪੰਜਾਬ ਨੂੰ ਭਾਰਤ ਨਾਲੋਂ ਵੱਖਰਾ ਦੇਸ਼ ਬਣਾਉਣ ਦੀ ਮੁਹਿੰਮ ਚਲਾ ਰਿਹਾ ਹੈ। ਐਨ ਆਈ ਏ ਸੂਤਰਾਂ ਮੁਤਾਬਕ ਪਿਛਲੇ ਸਾਲ ਐਸ ਐਫ ਜੇ ਖਿਲਾਫ ਦਰਜ ਇੱਕ ਕੇਸ ਵਿੱਚ ਅਭਿਨੇਤਾ, ਗਾਇਕਾਂ, ਪੱਤਰਕਾਰਾਂ ਤੇ ਕਿਸਾਨਾਂ ਸਮੇਤ ਕਰੀਬ ਚਾਰ ਦਰਜਨ ਲੋਕਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ। ਐਨ ਆਈ ਏ ਨੇ ਪਿਛਲੇ ਸਾਲ 15 ਦਸੰਬਰ ਨੂੰ 120 ਬੀ, 124 ਏ, 153 ਏ ਤੇ 153 ਬੀ ਦਾ ਕੇਸ ਦਰਜ ਕੀਤਾ ਸੀ ਅਤੇ ਇਹ ਕੇਸ ਪਿਛਲੇ ਸਾਲ ਖੇਤੀਬਾੜੀ ਕਾਨੂੰਨ ਵਿਰੋਧੀ ਅੰਦੋਲਨ ਦੇ ਕਰੀਬ 15 ਦਿਨਾਂ ਬਾਅਦ ਦਰਜ ਹੋਇਆ ਸੀ। ਐਨ ਆਈ ਏ ਵੱਲੋਂ ਦਰਜ ਕੇਸ ਮੁਤਾਬਕ ਸਿੱਖਸ ਫਾਰ ਜਸਟਿਸ, ਗੈਰ ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ ਅਤੇ ਹੋਰ ਕਾਨੂੰਨਾਂਹੇਠ ਗੈਰ ਕਾਨੂੰਨੀ ਸੰਗਠਨ ਹੈ। ਇਸ ਵਿੱਚ ਬੱਬਰ ਖਾਲਸਾ ਇੰਟਰਨੈਸ਼ਨਲ, ਖਾਲਿਸਤਾਨ ਟਾਈਗਰ ਫੋਰਸ ਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਅਤੇ ਉਨ੍ਹਾਂ ਦੇ ਸਹਿਯੋਗੀ ਸ਼ਾਮਲ ਹਨ। ਕੇਸ ਦੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਮੁਹਿੰਮਾਂ ਦੀ ਅਗਵਾਈ ਗੁਰਪਤਵੰਤ ਸਿੰਘ ਪੰਨੂ, ਪਰਮਜੀਤ ਸਿੰਘ ਪੰਮਾ, ਹਰਦੀਪ ਸਿੰਘ ਨਿੱਝਰ ਅਤੇ ਕਈ ਹੋਰ ਕਰ ਰਹੇ ਹਨ। ਪਤਾ ਲੱਗਾ ਹੈ ਕਿ ਇਸ ਤਰ੍ਹਾਂ ਇਕੱਠਾ ਕੀਤਾ ਪੈਸਾ ਵੱਡੀ ਮਾਤਰਾ ਵਿੱਚ ਗੈਰ ਸਰਕਾਰੀ ਸੰਗਠਨਾਂ (ਐਨ ਜੀ ਓ) ਰਾਹੀਂ ਭਾਰਤ ਵਿੱਚ ਖਾਲਿਸਤਾਨ ਸਮਰਥਕਾਂ ਨੂੰ ਵਾਰਦਾਤਾਂ ਕਰਨ ਲਈ ਭੇਜਿਆ ਜਾ ਰਿਹਾ ਹੈ।


# ਗੁਰਦੁਆਰੇ ਵਿੱਚ ਬੰਬ ਧਮਾਕੇ ਦੀ ਧਮਕੀ ਦੇਣ ਵਾਲਾ ਗ੍ਰਿਫਤਾਰ

ਅਹਿਮਦਾਬਾਦ, 7 ਨਵੰਬਰ (ਪੋਸਟ ਬਿਊਰੋ)- ਗੁਜਰਾਤ ਵਿੱਚ ਅਹਿ-ਮਦਾਬਾਦ ਦੇ ਇੱਕ ਵਿਅਕਤੀ ਨੂੰ ਕਰਾਈਮ ਬ੍ਰਾਂਚ ਨੇ ਮੁੰਬਈ ਵਿਚਲੇ ਇੱਕ ਟੀ ਵੀ ਚੈਨਲ ਨੂੰ ਈ-ਮੇਲ ਭੇਜਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਇੱਕ ਗੁਰਦੁਆਰੇ ਵਿੱਚ ਬੰਬ ਧਮਾਕਾ ਹੋਵੇਗਾ। ਅਧਿਕਾਰੀਆਂ ਨੇ ਕੱਲ੍ਹ ਇਹ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਮੇਲ ਵਿੱਚ ਦਿੱਤੀ ਗਈ ਬੰਬ ਧਮਾਕੇ ਦੀ ਧਮਕੀ ਫਰਜ਼ੀ ਨਿਕਲੀ ਸੀ।

ਡੀ ਸੀ ਪੀ ਕਰਾਈਮ ਚੈਤੰਨਿਆ ਮਾਂਡਲਿਕ ਨੇ ਕਿਹਾ ਕਿ ਦੋਸ਼ੀ ਨੀਲੇਸ਼ ਪਰਮਾਰ (32) ਨੇ ਇੱਕ ਪ੍ਰਸਤਾਵਿਤ ਟੀ ਵੀ ਸੀਰੀਅਲ ਪ੍ਰੋਜੈਕਟ ਲਈ ਵਾਜਬ ਜਵਾਬ ਨਾ ਮਿਲਣ ਉੱਤੇ ਮਨੋਰੰਜਨ ਟੀ ਵੀ ਚੈਨਲ ਦੇ ਇੱਕ ਅਧਿਕਾਰੀ ਨੂੰ ਈ-ਮੇਲ ਭੇਜਣ ਦੀ ਗੱਲ ਮੰਨੀ ਹੈ, ਜਿਸ ਵਿੱਚ ਬੰਬ ਧਮਾਕੇ ਦੀ ਧਮਕੀ ਦਿੱਤੀ ਗਈ ਸੀ। ਟੀ ਵੀ ਚੈਨਲ ਦੇ ਕਾਨੂੰਨੀ ਅਧਿਕਾਰੀ ਨੇ ਦੋ ਨਵੰਬਰ ਨੂੰ ਮੁੰਬਈ ਦੇ ਬਾਂਗਰ ਨਗਰ ਥਾਣੇ ਨੂੰ ਸੂਚਿਤ ਕੀਤਾ ਕਿ ਇੱਕ ਅਣਪਛਾਤੇ ਵਿਅਕਤੀ ਨੇ ਈ-ਮੇਲ ਭੇਜਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਅਹਿਮਦਾਬਾਦ ਦੇ ਇੱਕ ਗੁਰਦੁਆਰੇ ਵਿੱਚ ਬੰਬ ਧਮਾਕਾ ਹੋਵੇਗਾ। ਉਸ ਨੇ ਇਹ ਵੀ ਦਾਅਵਾ ਕੀਤਾ ਸੀ ਕਿ "ਬੰਬ ਧਮਾਕੇ ਲਈ ਰਾਫੇਲ ਲੜਾਕੂ ਜਹਾਜ਼ ਵਰਤਿਆ ਜਾਵੇਗਾ" ਅਤੇ ਕੰਮ ਨੂੰ ਪੂਰਾ ਕਰਨ ਲਈ ਭੁਗਤਾਨ ਅਹਿਮਦਾਬਾਦ ਤੋਂ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਧਮਕੀ ਵਾਲੀ ਮੇਲ ਮਿਲਣ ਉੱਤੇ ਅਹਿਮਦਾਬਾਦ ਕਰਾਈਮ ਬ੍ਰਾਂਚ ਨੇ ਸ਼ੁੱਕਰਵਾਰ ਨੂੰ ਸ਼ਹਿਰ ਦੇ ਚਾਂਦਖੇੜਾ ਇਲਾਕੇ ਵਿੱਚ ਪਰਮਾਰ ਨੂੰ ਉਸ ਦੇ ਘਰੋਂ ਗ੍ਰਿਫਤਾਰ ਕਰ ਲਿਆ।

ਇਰਾਕ ਵਿੱਚ ਚੋਣ ਹਿੰਸਾ :

# ਝੜਪ ਵਿੱਚ 27 ਆਮ ਲੋਕ ਅਤੇ ਸੁਰੱਖਿਆ ਫੋਰਸਾਂ ਦੇ 98 ਮੈਂਬਰ ਜ਼ਖਮੀ, ਇੱਕ ਦੀ ਮੌਤ



ਬਗਦਾਦ, 7 ਨਵੰਬਰ (ਪੋਸਟ ਬਿਊਰੋ)- ਬਗਦਾਦ ਦੇ ਗਰੀਨ ਜ਼ੋਨ ਖੇਤਰ ਦੇ ਬਾਹਰ ਡੇਰਾ ਲਾਈ ਬੈਠੇ ਈਰਾਨ ਸਮਰਥਕ ਸ਼ੀਆ ਲੜਾਕਿਆਂ ਦੇ ਸਮਰਥਕਾਂ ਤੇ ਦੰਗਾ ਵਿਰੋਧੀ ਪੁਲਸ ਵਿਚਾਲੇ ਝੜਪ ਹਿੰਸਕ ਹੋ ਗਈ।

ਪ੍ਰਦਰਸ਼ਨਕਾਰੀਆਂ ਨੇ ਪਿਛਲੇ ਮਹੀਨੇ 10 ਅਕਤੂਬਰ ਦੀਆਂ ਪਾਰਲੀਮੈਂਟ ਚੋਣਾਂ ਦੇ ਨਤੀਜਿਆਂ ਵਿੱਚ ਮਿਲੀ ਹਾਰ ਨੂੰ ਰੱਦ ਕਰ ਦਿੱਤਾ ਹੈ। ਚੋਣਾਂ ਵਿੱਚ ਈਰਾਨ ਸਮਰਥਕ ਲੜਾਕਿਆਂ ਨੂੰ ਸਭ ਤੋਂ ਵੱਡੀ ਹਾਰ ਦੇਖਣੀ ਪਈ ਸੀ। ਪ੍ਰਦਰਸ਼ਨ ਵਿੱਚ ਲਗਭਗ 300 ਲੋਕ ਸਨ, ਜਿਨ੍ਹਾਂ ਨੇ ਸੁਰੱਖਿਆ ਫੋਰਸਾਂ ਉੱਤੇ ਪਥਰਾਅ ਕੀਤਾ। ਦੰਗਾ ਰੋਕੂ ਪੁਲਸ ਨੇ ਭੀੜ ਨੂੰ ਪਿੱਛੇ ਹਟਾਉਣ ਲਈ ਡੰਡਿਆਂ, ਅੱਥਰੂ ਗੈਸ ਅਤੇ ਪਾਣੀਆਂ ਦੀਆਂ ਬੁਛਾੜਾਂ ਦੀ ਵਰਤੋਂ ਕੀਤੀ। ਝੜਪ ਵਿੱਚ 27 ਆਮ ਨਾਗਰਿਕ ਅਤੇ ਸੁਰੱਖਿਆ ਦਸਤਿਆਂ ਦੇ 98 ਮੈਂਬਰ ਜ਼ਖਮੀ ਹੋ ਗਏ। ਅਮਰੀਕਾ, ਯੂ ਐੱਨ ਸਕਿਓਰਟੀ ਕੌਂਸਲ ਅਤੇ ਹੋਰਨਾਂ ਨੇ ਇਰਾਕ ਵਿੱਚ ਹੋਈਆਂ ਚੋਣਾਂ ਦੀ ਪ੍ਰਸ਼ੰਸਾ ਕੀਤੀ ਹੈ, ਜੋ ਆਮ ਕਰ ਕੇ ਹਿੰਸਾ ਮੁਕਤ ਅਤੇ ਬਿਨਾਂ ਕਿਸੇ ਵੱਡੀ ਤਕਨੀਕੀ ਗੜਬੜੀ ਦੇ ਹੋਈਆਂ ਸਨ। ਇਰਾਕ ਦੇ ਪ੍ਰਧਾਨ ਮੰਤਰੀ ਮੁਸਤਫਾ ਅਲ ਕਦੀਮੀ ਨੇ ਹਿੰਸਾ ਦੀ ਜਾਂਚ ਦੇ ਹੁਕਮ ਦਿੱਤੇ ਹਨ ਤਾਂ ਜੋ ਇਹ ਪਤਾ ਲੱਗ ਸਕੇ ਕਿ ਝੜੱਪ ਕਿਉਂ ਹੋਈ ਅਤੇ ਕਿਸ ਨੇ ਗੋਲੀ ਨਾ ਚਲਾਉਣ ਦੇ ਹੁਕਮ ਦੀ ਉਲੰਘਣਾ ਕੀਤੀ।

# ਅਫਗਾਨਿਸਤਾਨ ਤੋਂ ਨਿਕਲਣ ਦੇ ਯਤਨ ਕਰਦੀਆਂ 4 ਔਰਤਾਂ ਮਾਰ ਕੇ ਸੁੱਟੀਆਂ

ਇਸਲਾਮਾਬਾਦ, 7 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਮਜ਼ਾਰ-ਏ-ਸ਼ਰੀਫ ਵਿੱਚ ਬੀਤੇ ਹਫਤੇ ਇੱਕ ਔਰਤ ਸਮਾਜਕ ਵਰਕਰ ਤੇ ਤਿੰਨ ਹੋਰ ਔਰਤਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਘਰਾਂ ਵਿੱਚੋਂ ਮਿਲੀਆਂ ਹਨ। ਇਨ੍ਹਾਂ ਹੱਤਿਆਵਾਂ ਦੇ ਮਾਮਲੇ ਵਿੱਚ ਦੋ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਤਾਲਿਬਾਨ ਸਰਕਾਰ ਵਿੱਚ ਗ੍ਰਹਿ ਮੰਤਰਾਲੇ ਦੇ ਬੁਲਾਰੇ ਸੈਯਦ ਖੋਸਤੀ ਨੇ ਦੱਸਿਆ ਕਿ ਸ਼ੱਕੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਉਨ੍ਹਾਂ ਔਰਤਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਭੇਜਣ ਦੇ ਨਾਂਅ ਉੱਤੇ ਫਸਾ ਲਿਆ ਸੀ। ਉਨ੍ਹਾਂ ਨੇ ਇਹ ਸਾਫ ਨਹੀਂ ਕੀਤਾ ਕਿ ਕੀ ਦੋਸ਼ੀਆਂ ਨੇ ਉਨ੍ਹਾਂ ਦੀ ਹੱਤਿਆ ਦੀ ਗੱਲ ਵੀ ਮੰਨੀ ਹੈ ਅਤੇ ਉਨ੍ਹਾਂ ਨੇ ਹੱਤਿਆ ਦਾ ਕਾਰਨ ਵੀ ਨਹੀਂ ਦੱਸਿਆ। ਮਾਮਲਾ ਸੁਣਵਾਈ ਲਈ ਅਦਾਲਤ ਵਿੱਚ ਭੇਜਿਆ ਗਿਆ ਹੈ।

ਸੋਸ਼ਲ ਵਰਕਰ 29 ਸਾਲਾ ਫਿਰੋਜ਼ਨ ਸੈਫ਼ੀ ਅਫਗਾਨਿਸਤਾਨ ਛੱਡਣਾ ਚਾਹੁੰਦੀ ਸੀ, ਕਿਉਂਕਿ ਉਹ ਤਾਲਿਬਾਨ ਦੇ ਪਾਬੰਦੀ ਵਾਲੇ ਰਾਜ ਵਿੱਚ ਆਪਣੇ ਭਵਿੱਖ ਬਾਰੇ ਡਰੀ ਹੋਈ ਸੀ ਅਤੇ ਉਹ ਆਪਣੇ ਸਮਾਜਕ ਵਰਕਰ ਮੰਗੇਤਰ ਕੋਲ ਜਾਣਾ ਚਾਹੁੰਦੀ ਸੀ, ਜੋ ਪਹਿਲਾਂ ਦੇਸ਼ ਛੱਡ ਕੇ ਜਾ ਚੁੱਕਾ ਹੈ। ਸੈਫ਼ੀ ਲਗਭਗ ਤਿੰਨ ਹਫਤੇ ਪਹਿਲਾਂ ਘਰ ਛੱਡ ਕੇ ਉਸ ਵਿਅਕਤੀ ਨੂੰ ਮਿਲਣ ਗਈ ਸੀ, ਜਿਸ ਨੇ ਦਾਅਵਾ ਕੀਤਾ ਸੀ ਕਿ ਉਹ ਅਫਗਾਨਿਸਤਾਨ ਤੋਂ ਨਿਕਲਣ ਵਿੱਚ ਉਸ ਦੀ ਅਤੇ ਉਸ ਦੀਆਂ ਜਾਣ-ਪਛਾਣ ਵਾਲੀਆਂ ਔਰਤਾਂ ਦੀ ਮਦਦ ਕਰੇਗਾ। ਸ਼ੱਕੀਆਂ ਨੇ ਪੁੱਛਗਿੱਛ ਵਿੱਚ ਮੰਨਿਆ ਕਿ ਉਨ੍ਹਾਂ ਨੇ ਔਰਤਾਂ ਨੂੰ ਆਪਣੇ ਘਰ ਸੱਦਿਆ ਸੀ।ਅਫਗਾਨਿਸਤਾਨ ਵਿੱਚ ਅੱਜਕੱਲ੍ਹ ਸ਼ੱਕੀ ਲੋਕਾਂ ਦੇ ਗਿਰੋਹ ਉਨ੍ਹਾਂ ਲੋਕਾਂ ਨੂੰ ਫੋਨ ਕਾਲ ਅਤੇ ਈ-ਮੇਲ ਕਰ ਰਹੇ ਹਨ, ਜੋ ਅਫਗਾਨਿਸਤਾਨ ਤੋਂ ਨਿਕਲਣਾ ਚਾਹੁੰਦੇ ਹਨ ਅਤੇ ਇਸ ਤਰ੍ਹਾਂ ਅਪਰਾਧੀਆਂ ਦੇ ਹੱਥੀਂ ਚੜ੍ਹ ਰਹੇ ਹਨ।

# ਨਾਜਾਇਜ਼ ਸਕਿਨ ਬੈਂਕ ਦੇ ਕੇਸ ਵਿੱਚ ਸੱਚਾ ਸੌਦਾ ਦੇ ਚੇਅਰਮੈਨ ਵਿਰੁੱਧ ਗੈਰ ਜ਼ਮਾਨਤੀ ਵਾਰੰਟ ਜਾਰੀ

ਸਿਰਸਾ, 7 ਨਵੰਬਰ (ਪੋਸਟ ਬਿਊਰੋ)- ਜ਼ਿਲ੍ਹਾ ਅਦਾਲਤ ਨੇ ਡੇਰਾ ਸੱਚਾ ਸੌਦਾ ਵਿੱਚ ਨਾਜਾਇਜ਼ ਸਕਿਨ ਬੈਂਕ ਦੇ ਕੇਸ ਵਿੱਚ ਸੁਣਵਾਈ ਪਿੱਛੋਂ ਇਸ ਦੇ ਚੇਅਰਮੈਨ ਅਭਿਜੀਤ ਭਗਤ ਦਾ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ।

ਕੱਲ੍ਹ ਇਸ ਕੇਸ ਦੀ ਅਦਾਲਤ ਵਿੱਚ ਸੁਣਵਾਈ ਦੌਰਾਨ ਸ਼ਿਕਾਇਤਕਰਤਾ ਨੇ ਕੋਈ ਗਵਾਹ ਪੇਸ਼ ਨਹੀਂ ਸੀ ਕੀਤਾ। ਕੋਰਟ ਨੇ ਡੀ ਐਸ ਪੀ ਸੰਜੇ ਬਿਸ਼ਨੋਈ ਨੂੰ ਨਿਰਦੇਸ਼ ਦਿੱਤਾ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਕੋਰਟ ਵਿੱਚ ਪੇਸ਼ ਕੀਤਾ ਜਾਏ। ਪਿਛਲੀ ਸੁਣਵਾਈ ਮੌਕੇ ਦੋਸ਼ੀ ਚੀਫ ਮੈਡੀਕਲ ਅਫਸਰ ਸ਼ਾਹ ਸਤਨਾਮ ਸੁਪਰਪੈਸ਼ਲਿਟੀ ਹਸਪਤਾਲ ਡਾ: ਐਮ ਪੀ ਸਿੰਘ, ਪਲਾਸਟਿਕ ਸਰਜਨ ਡਾ: ਸਵਪਨਿਲ ਗਰਗ ਤੇ ਟੈਕਨੀਸ਼ੀਅਨ ਸਕਿਨ ਬੈਂਕ ਬਲਬੀਰ ਸਿੰਘ ਕੋਰਟ ਵਿੱਚ ਪੇਸ਼ ਹੋਏ ਸਨ।

ਇਸ ਡੇਰੇ ਦੇ ਸਕਿਨ ਬੈਂਕ ਨੂੰ ਸੀਲ ਕਰਨ ਪਿੱਛੋਂ ਸਿਹਤ ਵਿਭਾਗ ਨੇ ਜਨਵਰੀ 2018 ਵਿੱਚ ਕੋਰਟ ਨੂੰ ਸ਼ਿਕਾਇਤ ਪੇਸ਼ ਕੀਤੀ ਸੀ। ਸਿਹਤ ਵਿਭਾਗ ਦੇ ਡਾਇਰੈਕਟਰ ਨੇ ਸਿਰਸੇ ਦੇ ਸਿਵਲ ਸਰਜਨ ਡਾਕਟਰ ਗੋਬਿੰਦ ਗੁਪਤਾ ਨੂੰ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਸੀ ਬੀ ਆਈ ਕੋਰਟ ਵੱਲੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ 20 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਡੇਰੇ ਵਿੱਚ ਸਰਚ ਆਪਰੇਸ਼ਨ ਚਲਾਉਣ ਲਈ ਕਿਹਾ ਅਤੇ ਸਾਬਕਾ ਮੈਜਿਸਟਰੇਟ ਏ ਕੇ ਐਸ ਪਵਾਰ ਨੂੰ ਕੋਰਟ ਕਮਿਸ਼ਨਰ ਨਿਯੁਕਤ ਕੀਤਾ ਸੀ, ਜਿਸ ਦੀ ਅਗਵਾਈ ਵਿੱਚ ਸਿਰਸਾ ਪ੍ਰਸ਼ਾਸਨ ਨੇ ਡੇਰਾ ਸੱਚਾ ਸੌਦਾ ਵਿੱਚ ਸਰਚ ਅਪਰੇਸ਼ਨ ਚਲਾਇਆ ਸੀ। ਇਸ ਦੌਰਾਨ ਹੋਈ ਜਾਂਚ ਵਿੱਚ ਡੇਰੇ ਅੰਦਰ ਡੇਰਾ ਪ੍ਰਬੰਧਕਾਂ ਵੱਲੋਂ ਖੋਲ੍ਹਿਆ ਸਕਿਨ ਬੈਂਕ ਨਾਜਾਇਜ਼ ਪਾਇਆ ਗਿਆ।

# ਟੈਨਿਸ ਖਿਡਾਰਨ ਪੇਂਗ ਸੁਆਈ ਨੇ ਚੀਨੀ ਨੇਤਾ ਉਤੇ ਸੈਕਸ ਸ਼ੋਸ਼ਣ ਦਾ ਦੋਸ਼ ਲਾਇਆ

ਨਵੀਂ ਦਿੱਲੀ, 7 ਨਵੰਬਰ (ਪੋਸਟ ਬਿਊਰੋ)- ਟੈਨਿਸ ਖਿਡਾਰੀ ਪੇਂਗ ਸੁਆਈ ਨੇ ਚੀਨ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਉੱਤੇ ਜਬਰੀ ਸੈਕਸ ਸੰਬੰਧ ਬਣਾਉਣ ਦਾ ਦੋਸ਼ ਲਾਇਆ ਹੈ। ਉਸ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਸ਼ੇਅਰ ਕਰ ਕੇ ਇਸ ਦਾ ਖੁਲਾਸਾ ਕੀਤਾ, ਪਰ ਅੱਧੇ ਘੰਟੇ ਦੇ ਅੰਦਰ ਇਸ ਨੂੰ ਹਟਾ ਲਿਆ। ਓਦੋਂ ਤੱਕ ਲੋਕਾਂ ਨੇ ਇਸ ਨੂੰ ਵਾਇਰਲ ਕਰ ਦਿੱਤਾ ਹੋਇਆ ਸੀ ਅਤੇ ਇਸ ਦੀ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ।

ਪੇਂਗ ਨੇ ਚੀਨੀ ਕਮਿਊਨਿਸਟ ਪਾਰਟੀ ਦੇ ਪੋਲਿਟ ਬਿਊਰੋ ਦੀ ਸਟੈਂਡਿੰਗ ਕਮੇਟੀ ਦੇ ਸਾਬਕਾ ਮੈਂਬਰ ਝਾਂਗ ਗਾਓਲੀ (65) ਉੱਤੇ ਇਹ ਦੋਸ਼ ਲਾਇਆ ਹੈ, ਪਰ ਇਹ ਵੀ ਮੰਨਿਆ ਕਿ ਬਾਅਦ ਵਿੱਚ ਦੋਵਾਂ ਵਿਚਾਲੇ ਸਹਿਮਤੀ ਨਾਲ ਸੰਬੰਧ ਵੀ ਬਣੇ ਸਨ। ਝਾਂਗ ਨੇ ਇਨ੍ਹਾਂ ਸਾਰੇ ਦੋਸ਼ਾਂ ਤੋਂ ਸਾਫ ਇਨਕਾਰ ਕੀਤਾ ਹੈ। ਇਸ ਦੌਰਾਨ ਬੀਜਿੰਗ ਵਿੱਚ ਟੈਂਗ ਬਿਆਓ ਨੇ ਕਿਹਾ ਕਿ ਚੀਨ ਵਿੱਚ ਉਚ ਅਧਿਕਾਰੀਆਂ ਉੱਤੇ ਸੈਕਸ ਸ਼ੋਸ਼ਣ ਦੇ ਦੋਸ਼ ਬਹੁਤ ਘੱਟ ਲੱਗਦੇ ਹਨ। ਪੇਂਗ ਨੇ ਜਿਸ ਤਰ੍ਹਾਂ ਲਿਖਿਆ ਹੈ, ਉਸ ਦਾ ਸਿੱਧਾ ਦੋਸ਼ ਹੈ ਕਿ ਸੰਬੰਧ ਸਹਿਮਤੀ ਨਾਲ ਨਹੀਂ, ਜਬਰੀ ਬਣਾਏ ਗਏ ਸਨ ਤੇ ਇਹ ਬਲਾਤਕਾਰ ਹੈ। ਚੀਨ ਵਿੱਚ ਜਿੱਥੇ ਨੇਤਾਵਾਂ ਕੋਲ ਕਾਫੀ ਪਾਵਰ ਹੁੰਦੀ ਹੈ, ਉਥੇ ਪੇਂਗ ਵੱਲੋਂ ਇਸ ਕਾਂਡ ਤੋਂ ਪਰਦਾ ਚੁੱਕਣਾ ਦਰਸਾਉਂਦਾ ਹੈ ਕਿ ਉਹ ਦੱਬਣਾ ਨਹੀਂ ਚਾਹੁੰਦੀ, ਆਵਾਜ਼ ਉਠਾਉਣਾ ਚਾਹੁੰਦੀ ਹੈ।

ਸਾਲ 2018 ਵਿੱਚ ਮੀਟੂ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਤਕ ਚੀਨ ਵਿੱਚ ਸੈਕਸ ਸ਼ੋਸ਼ਣ ਦੇ ਮਾਮਲੇ ਘੱਟ ਸਨ, ਪਰ ਹੌਲੀ-ਹੌਲੀ ਵਧਦੇ ਜਾ ਰਹੇ ਹਨ ਤੇ ਨੇਤਾਵਾਂ ਉੱਤੇ ਵੀ ਦੋਸ਼ ਲੱਗਣ ਲੱਗੇ ਹਨ।






# ਖਰਾਬ ਖਾਦ ਭੇਜਣ ਕਾਰਨ ਸ੍ਰੀਲੰਕਾ ਨੇ ਚੀਨ ਦੀ ਕੰਪਨੀ ਦਾ ਭੁਗਤਾਨ ਰੋਕਿਆ




ਕੋਲੰਬੋ, 7 ਨਵੰਬਰ (ਪੋਸਟ ਬਿਊਰੋ)- ਸ੍ਰੀਲੰਕਾ ਦੀ ਵਪਾਰ ਅਦਾਲਤ ਨੇ ਜਾਂਚ ਵਿੱਚ ਖਰਾਬ ਨਿਕਲੀ ਆਰਗੈਨਿਕ ਖਾਦ ਦੀ ਇੱਕ ਖੇਪ ਬਾਰੇ ਚੀਨੀ ਕੰਪਨੀ ਦੇ 49 ਲੱਖ ਡਾਲਰ ਦੇ ਭੁਗਤਾਨ ਉੱਤੇ ਰੋਕ ਲਾਉਣ ਦਾ ਹੁਕਮ ਕਾਇਮ ਰੱਖਿਆ ਹੈ। ਅਦਾਲਤ ਵੱਲੋਂ ਬੀਤੇ ਦਿਨੀਂ ਦਿੱਤੇ ਇਸ ਹੁਕਮ ਨਾਲ ਸ੍ਰੀਲੰਕਾ ਦਾ ਪੀਪਲਜ਼ ਬੈਂਕ ਚੀਨੀ ਕੰਪਨੀ ਦੀ ਅਗਲੀ ਸੁਣਵਾਈ ਤਕ ਭੁਗਤਾਨ ਨਹੀਂ ਕਰ ਸਕੇਗਾ। ਅਗਲੀ ਸੁਣਵਾਈ 19 ਨਵੰਬਰ ਨੂੰ ਹੋਵੇਗੀ।

ਸ੍ਰੀਲੰਕਾ ਸਰਕਾਰ ਦੀ ਮਾਲਕੀ ਵਾਲੀ ਸੀਲੋਨ ਫਰਟੀਲਾਈਜ਼ਰ ਕੰਪਨੀ ਦੀ ਪਟੀਸ਼ਨ ਉੱਤੇ ਕਾਰਮਸ ਹਾਈ ਕੋਰਟ ਨੇ 22 ਅਕਤੂਬਰ ਨੂੰ ਚੀਨੀ ਕੰਪਨੀ ਦਾ ਭੁਗਤਾਨ ਰੋਕਣ ਦਾ ਹੁਕਮ ਦਿੱਤਾ ਸੀ। ਚੀਨ ਦੇ ਕਿੰਗਦਾਓ ਸੀਵਿਨ ਬਾਇਓਟੈਕ ਵੱਲੋਂ ਭੇਜੀ ਆਰਗੈਨਿਕ ਖਾਦ ਦੀ ਖੇਪ ਸ੍ਰੀਲੰਕਾ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਨੈਸ਼ਨਲ ਪਲਾਂਟ ਕੁਆਰੰਟਾਈਨ ਸਰਵਿਸ ਦੀ ਜਾਂਚ ਵਿੱਚ ਦੂਸ਼ਿਤ ਪਾਈ ਗਈ ਹੈ। ਸ੍ਰੀਲੰਕਾ ਨੇ ਖਾਦ ਨੂੰ ਆਪਣੀਆਂ ਬੰਦਰਗਾਹਾਂ ਉੱਤੇਉਤਾਰਨ ਦੀ ਖੁੱਲ੍ਹ ਵੀ ਨਹੀਂ ਦਿੱਤੀ ਸੀ। ਇਸ ਪਿੱਛੋਂ ਕਿੰਗਦਾਓ ਬੰਦਰਗਾਹ ਤੋਂ ਚੱਲੇ ਜਹਾਜ਼ ਨੂੰ ਸਿੰਗਾਪੁਰ ਨੂੰ ਮੋੜ ਦਿੱਤਾ ਗਿਆ ਸੀ। ਕੋਲੰਬੋ ਵਿਚਲੇ ਚੀਨੀ ਦੂਤਘਰ ਨੇ ਸ੍ਰੀਲੰਕਾ ਸਰਕਾਰ ਦੇ ਇਸ ਕਦਮ ਉੱਤੇ ਇਤਰਾਜ਼ ਕਰਦਿਆਂ ਕਿਹਾ ਸੀ ਕਿ ਨਮੂਨੇ ਦੇ ਦੂਸ਼ਿਤ ਪਾਏ ਜਾਣ ਦੀ ਹਾਲਤ ਵਿੱਚ ਦੋਵਾਂ ਧਿਰਾਂ ਨੂੰ ਸਵਿਸ ਐਸ ਜੀ ਐਮ ਗਰੁੱਪ ਤੋਂ ਫਿਰ ਜਾਂਚ ਕਰਾਉਣੀ ਚਾਹੀਦੀ ਹੈ। ਉਸ ਨੇ 29 ਅਕਤੂਬਰ ਨੂੰ ਸ੍ਰੀਲੰਕਾ ਦੇ ਪੀਪਲਜ਼ ਬੈਂਕ ਨੂੰ ਭੁਗਤਾਨ ਨਾ ਕਰਨ ਉੱਤੇ ਕਾਲੀ ਸੂਚੀ ਵਿੱਚ ਪਾ ਦਿੱਤਾ ਸੀ। ਇਸ ਉੱਤੇ ਪੀਪਲਜ਼ ਬੈਂਕ ਨੇ ਕਿਹਾ ਸੀ ਕਿ ਉਹ ਅਦਾਲਤੀ ਹੁਕਮ ਦੀ ਪਾਲਣਾ ਕਰਨ ਲਈ ਪਾਬੰਦ ਹੈ।

ਆਈ ਏ ਐਨ ਐਸ ਮੁਤਾਬਕ ਦੂਸ਼ਿਤ ਖਾਦ ਨਾਲ ਲੱਦਿਆ ਹਿੱਪੋ ਸਪਿਰਿਟ ਨਾਮੀ ਚੀਨੀ ਜਹਾਜ਼ ਆਪਣੇ ਨਵੇਂ ਨਾਂਅ ਐਕਸਪਲੋਰਰ ਨਾਲ ਸ੍ਰੀਲੰਕਾਈ ਸਮੁੰਦਰ ਵਿੱਚ ਉਤਰ ਚੁੱਕਾ ਹੈ। ਸਿੰਗਾਪੁਰ ਪੁੱਜਣ ਤੋਂ ਬਾਅਦ ਹਿੱਪੋ ਸਪਿਰਿਟ ਦੇ ਆਟੋਮੈਟਿਕ ਆਈਡੈਂਟੀਫਿਕੇਸ਼ਨ ਸਿਸਟਮ (ਏ ਆਈ ਐਸ) ਨੂੰ ਨਸ਼ਟ ਕਰ ਦਿੱਤਾ ਗਿਆ ਸੀ। ਸ੍ਰੀਲੰਕਾਈ ਅਧਿਕਾਰੀਆਂ ਨੂੰ ਪਤਾ ਲੱਗਾ ਹੈ ਕਿ ਉਹ ਐਕਸਪਲੋਰਰ ਚੀਨ ਦੀ ਕੰਟਰੋਲ ਵਾਲੇ ਹੰਬਨਟੋਟਾ ਬੰਦਰਗਾਹ ਉੱਤੇ ਖੜ੍ਹਾ ਹੈ। ਨਾਂਅ ਬਦਲਣ ਨਾਲ ਵੀ ਜਹਾਜ਼ ਦੀ ਅਸਲੀਅਤ ਨਹੀਂ ਲੁਕਾਈ ਜਾ ਸਕੀ ਕਿਉਂਕਿ ਇੰਟਰਨੈਸ਼ਨਲ ਮੈਰੀਟਾਈਮ ਆਰਗੇਨਾਈਜ਼ੇਸ਼ਨ (ਆਈ ਐਮ ਓ) ਨੰਬਰ ਵਿੱਚ ਕਿਸੇ ਵੀ ਹਾਲ ਵਿੱਚ ਬਦਲਾਅ ਨਹੀਂ ਕੀਤਾ ਜਾ ਸਕਦਾ।






# ਲਾਤੀਨੀ ਗ੍ਰੈਮੀ ਐਵਾਰਡ ਜੇਤੂ ਬਰਾਜ਼ੀਲੀ ਗਾਇਕਾ ਮੇਂਡੋਂਕਾ ਦੀ ਜਹਾਜ਼ ਹਾਦਸੇ 'ਚ ਮੌਤ

ਸਾਓ ਪਾਓਲੋ, 7 ਨਵੰਬਰ (ਪੋਸਟ ਬਿਊਰੋ)- ਬਰਾਜ਼ੀਲ ਦੀ ਸਭ ਤੋਂ ਮਸ਼ਹੂਰ ਗਾਇਕਾ ਤੇ ਲਾਤੀਨੀ ਗ੍ਰੈਮੀ ਐਵਾਰਡ ਜੇਤੂ ਮਾਰੀਲੀਆ ਮੇਂਡੋਂਕਾ(26 ਸਾਲ)ਦੀ ਇੱਕ ਸੰਗੀਤ ਪ੍ਰੋਗਰਾਮ ਲਈ ਜਾਂਦੇ ਸਮੇਂ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ। ਉਸ ਦੇ ਦਫਤਰ ਨੇ ਮੌਤ ਦੀ ਪੁਸ਼ਟੀ ਕੀਤੀ ਹੈ। ਜਹਾਜ਼ ਵਿੱਚ ਸਵਾਰ ਚਾਰ ਹੋਰ ਲੋਕਾਂ ਦੀ ਵੀ ਮੌਤ ਹੋਈ ਹੈ।

ਮੇਂਡੋਂਕਾ ਦਾ ਜਹਾਜ਼ ਉਨ੍ਹਾਂ ਦੇ ਜੱਦੀ ਸ਼ਹਿਰ ਗੋਇਆਨੀਆ ਅਤੇ ਰੀਓ ਡੀ ਜਨੇਰੀਓ ਦੇ ਉਤਰ ਵਿੱਚ ਮਿਨਸ ਗੇਰੇਸ ਸੂਬੇ ਦੇ ਇੱਕ ਛੋਟੇ ਜਿਹੇ ਸ਼ਹਿਰ ਕੈਰੇਟਿੰਗਾ ਵਿਚਕਾਰ ਹਾਦਸਾਗ੍ਰਸਤ ਹੋ ਗਿਆ। ਮਿਨਸ ਗੇਰੇਸ ਸੂਬੇ ਦੀ ਪੁਲਸ ਨੇ ਵੀ ਹਾਦਸੇ ਦੇ ਕਾਰਨਾਂ ਬਾਰੇ ਵੇਰਵਾ ਦਿੱਤੇ ਬਿਨਾ ਮੇਂਡੋਂਕਾ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਤਸਵੀਰਾਂ ਅਤੇ ਵੀਡੀਓ ਵਿੱਚ ਇੱਕ ਝਰਨੇ ਦੇ ਬਿਲਕੁਲ ਹੇਠਾਂ ਹਾਦਸਾਗ੍ਰਸਤ ਜਹਾਜ਼ ਪਿਆ ਹੈ। ਇਸ ਤੋਂ ਪਹਿਲਾਂ ਮੇਂਡੋਂਕਾ ਨੇ ਇੱਕ ਵੀਡੀਓ ਪੋਸਟ ਕੀਤੀ ਸੀ, ਜਿਸ ਵਿੱਚ ਉਹ ਜਹਾਜ਼ ਵੱਲ ਜਾਂਦੀ ਨਜ਼ਰ ਆ ਰਹੀ ਹੈ। ਮੇਂਡੋਂਕਾ ਨੂੰ ਬਰਾਜ਼ੀਲ ਵਿੱਚ 'ਸੇਰਟਨੇਜੋ' ਕਿਹਾ ਜਾਂਦਾ ਹੈ। ਉਹ ਆਪਣੇ ਗੀਤਾਂ ਵਿੱਚ ਨਾਰੀਵਾਦੀ ਮੁੱਦਿਆਂ ਨਾਲ ਨਜਿੱਠਣ ਲਈ ਜਾਣੀ ਜਾਂਦੀ ਸੀ।

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION



ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

Top 1% Broker

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

**2016,2015,2014,2013 **(2009,2008) 2012,2011,2010) **RE/MAX International **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰਮ ਅਤੇ 4 ਵਾਸ਼ਰਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਉਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON




$749,905
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON




34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017